ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।।

ਹਮ ਇਹ ਕਾਜ ਜਗਤ ਮੋ ਆਏ
(ਦਸਮ ਸਤਿਗੁਰੂ ਜੀ)

ਅਥਵਾ

# ਦਸਮ ਗੁਰ ਗਿਰਾ ਸਰਵੇਖਣ

(ਸ੍ਰੀ ਦਸਮ ਗ੍ਰੰਥ ਦੀ ਬਾਣੀ ਵਿਰੁੱਧ ਕੁਝ ਲੇਖਕਾਂ ਦੀਆਂ ਤਰਕਾਂ ਦਾ ਖੰਡਨ)

ਲਿਖਤ
ਗਿਆਨੀ ਮਹਾਂ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ—110 001

Sri Satguru Jagjit Singh Ji eLibrary NamdhariElibrary@gmail.com

ਛਪਾਈ ਦਾ ਵੇਰਵਾ

| | |
|---|---|
| ਪਹਿਲੀ ਵਾਰ | ਜੁਲਾਈ, 1977 |
| ਦੂਜੀ ਵਾਰ | -- --, 1996 |
| ਤੀਜੀ ਵਾਰ | ਜੁਲਾਈ, 2010 |

Dasam Gur Gira Survekhan

Maha Singh Gyani

ISBN # 978-93-80854-30-4

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਨਵੀਂ ਛਾਪ, ਜੁਲਾਈ, 2010

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Jaipaul & Brothers
8986/14-B, Shidi Pura
Karol Bagh, New Delhi - 110005
(O) 011-23524061

ਮੁੱਲ : 20/- ਰੁਪਏ

Sri Satguru Jagjit Singh Ji eLibrary NamdhariElibrary@gmail.com

# ਲੇਖ ਸੂਚੀ

ਪੰਨਾ

ਭੂਮਿਕਾ

ਹੁਕਮ ਨਾਮਾ ਸ੍ਰੀ ਅਕਾਲ ਤਖਤ ਸਾਹਿਬ

੧. ਪ੍ਰਿਥਮ ਭਗਉਤੀ ਸਿਮਰਕੈ... ੧

੨. ਦੇਹੁ ਸ਼ਿਵਾ ਬਰ ਮੋਹਿ ਇਹੈ... ੫

੩. ਹੇਮ ਕੁੰਟ ਪਰਬਤ ਹੈ ਜਹਾਂ... ੧੧

੪. ਆਦਿ ਅੰਤਿ ਏਕੈ ਅਵਤਾਰਾ।
ਸੋਈ ਗੁਰੂ ਸਮਝੀਅਹੁ ਹਮਾਰਾ।... ੨੧

੫. ਕੁਬੁਧਿ ਕਰਨ ਤੈ ਲੋਕ ਹਟਾਇ। ੨੮

੬. ਦਸਮ ਗੁਰਬਾਣੀ ਤੇ ਭਾਈ ਮਨੀ ਸਿੰਘ। ੩੫

੭. ਬਿਨ ਏਕ ਨਾਮ ਆਧਾਰ। ਸਭ ਕਰਮ ਭਰਮ ਵਿਚਾਰ। ੪੦

੮. ਦਸਮ ਗ੍ਰੰਥ ਨਿਰਣੈਂ ਦੀ ਅਸਲੀਅਤ। ੪੯

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।।

# ਭੂਮਿਕਾ

ਜਿਥੋਂ ਤਕ ਯਾਦ ਪੈਂਦਾ ਹੈ, ਅੱਜ ਤੋਂ ਸੱਠ ਪੈਂਹਠ ਸਾਲ ਪਹਿਲੇ ਸ੍ਰੀ ਗੁਰੂ ਸਿੰਘ ਸਭਾ ਭਸੌੜ ਦੇ ਮੁਖੀਆਂ ਨੇ ਦਸਮ ਗੁਰੂ ਜੀ ਦੇ ਜਗਤ ਲਈ ਦਰਦ ਭਰੇ ਹਿਰਦੇ ਦੀ ਤੜਪ ਨੂੰ ਬਿਨਾਂ ਮਹਿਸੂਸੇ, ਉਨ੍ਹਾਂ ਦੇ ਆਦਰਸ਼ ਤੇ ਨਿਸ਼ਾਨੇ ਨੂੰ ਨਾਂ ਅਨੁਭਵ ਕਰਦਿਆਂ ਦਸਮ ਗ੍ਰੰਥ ਦੀ ਬਾਣੀ ਪਰ ਟੀਕਾ ਟਿੱਪਣੀ ਸ਼ੁਰੂ ਕਰ ਦਿਤੀ ਸੀ। ਸੰਨ ੧੯੧੮ ਈ: (੧੯੭੫ ਬਿ:) ਵਿਚ ਉਨ੍ਹਾਂ ਵਲੋਂ ਇਕ ਪੁਸਤਕ "ਦਸਮ ਗ੍ਰੰਥ ਨਿਰਨੈ" ਨਾਮ ਦੀ ਛਾਪੀ ਗਈ, ਜਿਸ ਵਿਚ ਦਸਮ ਗ੍ਰੰਥ ਦੀਆਂ ਬਾਣੀਆਂ ਬਾਰੇ ਅਨੇਕ ਸ਼ੰਕੇ ਫੈਲਾਏ ਗਏ। ਇਹ ਟੀਕਾ ਟਿੱਪਣੀ ਵਧਦੀ ਵਧਦੀ ਦਸਮ ਗ੍ਰੰਥ ਤੋਂ ਉਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਆਦਿ ਬੀੜ ਦੀਆਂ ਪਵਿਤ੍ਰ ਬਾਣੀਆਂ ਪਰ ਬੀ ਪੁੱਜ ਗਈ ਤੇ ਰਾਗ ਮਾਲਾ, ਭੱਟਾਂ ਦੀ ਬਾਣੀ, ਭਗਤ ਬਾਣੀ ਆਦਿ ਉਨ੍ਹਾਂ ਦੀ ਨੁਕਤਾ ਚੀਨੀ ਦਾ ਸ਼ਿਕਾਰ ਬਣ ਗਏ ਤੇ ਫਿਰ ਉਨ੍ਹਾਂ ਨੇ ਆਦਿ ਬੀੜ ਤੇ ਦਮਦਮੀ ਬੀੜ ਤੋਂ ਵੱਖਰੀ ਆਪਣੀ ਮਨ ਮਰਜ਼ੀ ਦੀ "ਹਜ਼ੂਰੀ ਬੀੜ" ਨਾਮ ਦੀ ਬੀੜ ਦਾ ਅਡੰਬਰ ਰਚਿਆ ਤੇ ਉਸਨੂੰ ਕਲਗੀਧਰ ਪਾਤਸ਼ਾਹ ਦੀ ਤਿਆਰ ਕੀਤੀ ਤੇ ਗੁਰਤਾ ਪ੍ਰਾਪਤ ਬੀੜ ਦੱਸਣ ਦਾ ਢੰਡੋਰਾ ਪਿੱਟ ਦਿਤਾ। ਇਸ ਬੀੜ ਦਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਤੇ ਵਾਧਾ ਘਾਟਾ ਕਰਕੇ ਅਤੇ ਗੁਰਬਾਣੀ ਤੇ ਉਸਦੇ ਕ੍ਰਮ ਨੂੰ ਭੰਗ ਕਰਕੇ ਅਪਣੀ ਅਖੌਤੀ ਪਾਠਸ਼ਾਲਾ ਦੇ ਗੁਰਮੁਖੀ ਕੋਰਸਾਂ ਦੇ ਰੂਪ ਵਿਚ ਪ੍ਰਕਾਸ਼ਤ ਕੀਤਾ, ਅਤੇ ਅਨੇਕ ਗੁਰਮਤ ਰੀਤਾਂ ਵਿਚ ਬੀ ਮਨਮਤੀ ਅਦਲਾ ਬਦਲੀਆਂ ਕੀਤੀਆਂ। ਜਿਨ੍ਹਾਂ ਕਾਰਨ ਪੰਥ ਵਿਚ ਭਾਰੀ ਚਿੰਤਾ ਫੈਲੀ, ਚਰਚਾ ਛਿੜੀ, ਖਾਲਸਾ ਸਮਾਚਾਰ ਵਿਚ ਬਾਦਲੀਲ ਨਿਗਰ ਲੇਖ ਲਗਾਤਾਰ ਸਾਲਾਂ ਬੱਧੀ ਛਪਦੇ ਰਹੇ, ਅਨੇਕ ਪੰਥਕ ਇਕੱਠ ਹੋਏ, ਅੰਤ ਇਹ ਮਾਮਲਾ ਸਾਡੀ ਸਭ ਤੋਂ ਵੱਡੀ ਧਾਰਮਕ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹਜ਼ੂਰ ਪੇਸ਼ ਹੋਇਆ। ਜਿਥੋਂ ਇਕ ਹੁਕਮਨਾਮੇ ਰਾਹੀਂ ਐਸਾ ਕਰਨ ਵਾਲਿਆਂ ਨੂੰ ਵੱਡੀ ਤੋਂ ਵੱਡੀ ਸਜ਼ਾ, ਜੋ ਹੋ ਸਕਦੀ ਸੀ, ਦਿਤੀ ਗਈ। ਸਿੰਘ ਸਭਾ ਭਸੌੜ ਦੇ ਮੁਖੀ ਬਾਬੂ ਤੇਜਾ ਸਿੰਘ ਜੀ ਤੇ ਉਨ੍ਹਾਂ ਦੀ ਸੁਪਤਨੀ ਬੀਬੀ ਨਿਰੰਜਨ ਕੌਰ ਜੀ ਨੂੰ ਪੰਥ ਵਿਚੋਂ ਖ਼ਾਰਜ ਕੀਤਾ ਗਿਆ ਤੇ ਉਨ੍ਹਾਂ ਦੇ ਸਾਥੀਆਂ, ਪੰਚ ਖਾਲਸਾ ਦੀਵਾਨ (ਸਿੰਘ ਸਭਾ ਭਸੌੜ) ਦੇ ਮੈਂਬਰਾਂ ਦੇ ਤਖਤ ਸਾਹਿਬਾਂ ਤੇ ਹੋਰ ਗੁਰਦੁਆਰਿਆਂ ਪਰ ਅਰਦਾਸੇ ਬੰਦ ਕੀਤੇ ਗਏ। ਇਹ ਹੁਕਮ ਨਾਮਾ ਮਿਤੀ ੯ ਅਗਸਤ ੧੯੨੮

Sri Satguru Jagjit Singh Ji eLibrary NamdhariElibrary@gmail.com

ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਇਆ ਸੀ*। ਇਸਦਾ ਅਸਰ ਇਹ ਹੋਇਆ ਕਿ ਉਹ ਅਨੁਚਿਤ ਤੇ ਦੁਖਦਾਈ ਟੀਕਾ ਟਿੱਪਣੀ ਤੇ ਗੁਰਬਾਣੀ ਸੰਬੰਧੀ ਅਸ਼ਰਧਾ ਫੈਲਾਉ ਪ੍ਰਚਾਰ ਚੋਖੀ ਖੇਚਲ ਖ਼ਜਾਲਤ ਪਿਛੋਂ ਆਖ਼ਰ ਬੰਦ ਹੋ ਗਿਆ।

ਪਰ ਸ਼ੋਕ ਹੈ ਕਿ ਹੁਣ ਫੇਰ ਇਹ ਦੁਖਦਾਈ ਲਹਿਰ ਉਗਮ ਪਈ ਹੈ। ਕੁਝ ਸਜਣਾਂ ਵਲੋਂ ਸ੍ਰੀ ਦਸਮ ਗ੍ਰੰਥ ਦੀਆਂ ਬਾਣੀਆਂ ਪਰ ਟੀਕਾ ਟਿੱਪਣੀ ਸ਼ੁਰੂ ਹੋ ਗਈ ਹੈ। ਗਿਆਨੀ ਭਾਗ ਸਿੰਘ ਜੀ ਅੰਬਾਲਵੀ ਨੇ ਓਹੋ ਭਸੌੜ ਵਾਲੀ ਪੁਸਤਕ ਦਾ ਹੀ ਟਾਈਟਲ "ਦਸਮ ਗ੍ਰੰਥ ਨਿਰਣੈ" ਲੈਕੇ ਇਕ ਚੋਖੀ ਵੱਡੀ ਪੁਸਤਕ ਪ੍ਰਕਾਸ਼ਤ ਕਰ ਦਿੱਤੀ ਹੈ ਤੇ ਭਸੌੜ ਨਾਲੋਂ ਹੋਰ ਬੀ ਤ੍ਰਿਖੀ ਤੇ ਵਧੀਕ ਹਾਨੀ ਕਾਰਕ ਟੀਕਾ ਟਿੱਪਣੀ ਕਰਕੇ ਦਸਮ ਗ੍ਰੰਥ ਦੀਆਂ ਲਗਭਗ ਸਾਰੀਆਂ ਬਾਣੀਆਂ ਵਿਰੁਧ ਲੇਖ ਲਿਖ ਮਾਰੇ ਹਨ। ਇਸੇ ਤਰ੍ਹਾਂ ਕੁਝ ਹੋਰ ਸੱਜਣ ਡਾ: ਕਰਤਾਰ ਸਿੰਘ ਬਾੜੀ ਆਦਿ ਬੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਗਤ ਸਿਰਮੌਰ ਹਸਤੀ ਦੀ ਮਹਾਨਤਾ, ਉਨ੍ਹਾਂ ਦੇ ਲਾਸਾਨੀ ਕਰਤੱਵਾਂ, ਜਗਤ ਦਰਦ ਭਰੇ ਇਰਾਦਿਆਂ ਨੂੰ ਅੱਖੋਂ ਓਹਲੇ ਕਰਕੇ ਆਪਣੇ ਮਨਮਤੀ ਗਜ਼ਾਂ ਤਰਾਜ਼ੂਆਂ ਨਾਲ; ਅਮਾਪ ਦਸਮ ਗੁਰ ਬਾਣੀ ਨੂੰ ਤੋਲਣਾ ਮਾਪਣਾ ਸ਼ੁਰੂ ਕਰ ਦਿਤਾ ਹੈ। ਇਨ੍ਹਾਂ ਸੱਜਣਾਂ ਨੇ ਜਿਸ ਪ੍ਰਕਾਰ ਦੇ ਸ਼ੰਕੇ ਉਠਾਏ ਹਨ ਉਨ੍ਹਾਂ ਵਿਚੋਂ ਕੁਝ ਪਰ ਅਸੀਂ ਅਪਣੇ ਵੀਚਾਰ ਸੱਤ ਅੱਠ ਲੇਖਾਂ ਵਿਚ ਖਾਲਸਾ ਸਮਾਚਾਰ ਦੁਆਰਾ ਪਿਛਲੇ ਦਿਨਾਂ ਵਿਚ (੧੪-੧੦-੭੬ ਤੋਂ ੨੪-੩-੭੭ ਤੱਕ) ਪ੍ਰਕਾਸ਼ਤ ਕੀਤੇ ਸਨ। ਪਾਠਕਾਂ ਦੀ ਪੁਰਜ਼ੋਰ ਪ੍ਰੇਰਨਾ ਪਰ ਹੁਣ ਇਨ੍ਹਾਂ ਲੇਖਾਂ ਨੂੰ ਅਸੀਂ ਪੁਸਤਕ ਆਕਾਰ ਵਿਚ ਪ੍ਰਕਾਸ਼ਤ ਕਰ ਰਹੇ ਹਾਂ। ਆਸ ਹੈ ਏਹ ਲੇਖ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੁਰਬਾਨੀ ਭਰੇ ਸਰਬ ਸੁਖਦਾਈ ਨਿਸ਼ਾਨੇ ਨੂੰ ਪ੍ਰਦਿਪਤ ਕਰਕੇ ਉਨ੍ਹਾਂ ਦੀ ਅਦੁਤੀ ਹਸਤੀ ਤੇ ਉਨ੍ਹਾਂ ਦੀ ਪਵਿਤ੍ਰ ਬਾਣੀ ਲਈ ਪਾਠਕਾਂ ਦੇ ਦਿਲਾਂ ਵਿਚ ਸਤਿਕਾਰ ਤੇ ਸ਼ਰਧਾ ਪੈਦਾ ਕਰਨ ਵਿਚ ਸਹਾਈ ਹੋਣਗੇ।

ਇਹ ਤੌਖਲਾ ਪੈਦਾ ਹੋ ਰਿਹਾ ਹੈ ਕਿ ਜਿਵੇਂ ਭਸੌੜ ਵਾਲੇ ਵੀਰਾਂ ਨੇ ਦਸਮ ਗ੍ਰੰਥ ਦੀ ਬਾਣੀ ਦੀ ਟੀਕਾ ਟਿੱਪਣੀ ਤੋਂ ਵਧਕੇ ਪਾਵਨ ਆਦਿ ਬੀੜ ਨੂੰ ਜਾ ਹੱਥ ਪਾਇਆ ਸੀ, ਕਿਤੇ ਸਾਡੇ ਏਹ ਸ਼ੰਕਾਵਾਦੀ ਵੀਰ ਬੀ ਉਨ੍ਹਾਂ ਹੀ ਲੀਹਾਂ ਤੇ ਟੁਰਦੇ ਹੋਏ ਇਤਨੇ ਅਗੇ ਨਾ ਵਧ ਜਾਣ ਕਿ ਉਨ੍ਹਾਂ ਦੀ ਟੋਰ ਨੂੰ ਰੋਕਣਾ ਕਠਨ ਹੋ ਜਾਏ। ਇਸ ਲਈ ਐਸੇ ਸ਼ੰਕਾ ਵਾਦੀਆਂ ਦੇ ਕਰਤਬਾਂ ਨੂੰ ਮੁੱਢ ਵਿਚ ਹੀ ਰੋਕਣ ਦਾ ਪ੍ਰਯਤਨ ਪੰਥ ਨੂੰ ਕਰਨਾ ਉਚਿਤ ਹੈ ਤੇ ਪੰਥਕ ਜਥੇਬੰਦੀਆਂ ਨੂੰ ਬੀ ਐਸੀਆਂ ਉਸ਼ਕਲਾਂ ਤੋਂ ਸੁਚੇਤ ਹੋ ਜਾਣਾ ਚਾਹੀਦਾ ਹੈ। ਪੰਜਾਬ

---

*ਦੇਖੋ ਗੁਰ ਪ੍ਰਤਾਪ ਸੂਰਜ ਗ੍ਰੰਥ ਸਟਿਪਣ ਦਾ ਪੰਨਾ ੨੧੩੯
*(ਰਾਸਿ ੩ ਅੰਸੂ ੪੯)।*

Sri Satguru Jagjit Singh Ji eLibrary NamdhariElibrary@gmail.com

ਸਰਕਾਰ ਨੂੰ ਬੀ ਪ੍ਰੇਰਨਾ ਕਰਨੀ ਚਾਹੀਦੀ ਹੈ ਕਿ ਇਸ ਨਿੰਦਨੀਯ ਪੁਸਤਕ ਨੂੰ ਜ਼ਬਤ ਕਰਾਰ ਦੇਵੇ ਤਾਂਕਿ ਇਹ ਦੁਖਦਾਈ ਰਵਸ਼ ਛੇਤੀ ਬੰਦ ਹੋ ਜਾਏ ਤੇ ਅਗੋਂ ਕਦੇ ਐਸਾ ਕੋਈ ਕਰਤਬ ਪੰਥ ਲਈ ਸਿਰ ਦਰਦੀ ਦਾ ਕਾਰਨ ਨਾ ਬਣੇ।

ਪ੍ਰਾਰਥਕ

੬-੭-੧੯੭੭ ਮਹਾਂ ਸਿੰਘ ਗਜਾਨੀ

# ਹੁਕਮ ਨਾਮਾ ਸ੍ਰੀ ਅਕਾਲ ਤਖਤ ਸਾਹਿਬ

ਇਹ ਪੁਸਤਕ ਛਪਕੇ ਮੁਕੰਮਲ ਹੋ ਗਈ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਜਥੇਦਾਰ 'ਸਿੰਘ ਸਾਹਿਬ ਸਾਧੂ ਸਿੰਘ ਜੀ ਦਾ ਦਸਖਤੀ ਹੁਕਮ ਨਾਮਾ, 'ਗਿਆਨੀ ਭਾਗ ਸਿੰਘ' ਤੇ ਉਨ੍ਹਾਂ ਦੀ ਪੁਸਤਕ 'ਦਸਮ ਗ੍ਰੰਥ ਨਿਰਣੈਂ' ਬਾਰੇ ਪਹੁੰਚਾ, ਜੋ ਅਸੀਂ ਹੂਬਹੂ ਅੱਗੇ ਦਿੰਦੇ ਹਾਂ:–

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।।

ਦਫਤਰ

## ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ

ਮਿਤੀ ੫–੭–੭੭ ਨੰ: ੩੫੭੪੮

## "ਹੁਕਮ ਨਾਮਾ"

ਸਿਖ ਧਰਮ ਦੇ ਕੁਝਕੁ ਬੁਨਿਆਦੀ ਅਸੂਲ ਹਨ ਜਿਨ੍ਹਾਂ ਵਿਚ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੈ ਰੱਛਾ) ਭੀ ਹਨ, ਜੋ ਸਿਖ ਧਰਮ ਦੇ ਥੰਮ੍ਹ ਰੂਪ ਹਨ ਜਿਨ੍ਹਾਂ ਦਾ ਸਮੁੱਚੇ ਤੌਰ ਤੇ ਸਾਰੇ ਸਿਖ ਜਗਤ ਨਾਲ ਸੰਬੰਧ ਹੈ। ਸਮੂਹ ਸਿਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋ: ਗੁ: ਪ੍ਰਬੰਧਕ ਕਮੇਟੀ, ਸਿਖ ਜਗਤ ਦੇ ਇਤਿਹਾਸਕਾਰ ਅਤੇ ਪੰਥ ਦੇ ਪ੍ਰਸਿਧ ਵਿਦਵਾਨਾਂ ਦੇ ਸਮੁੱਚੇ ਫੈਸਲੇ ਤੋਂ ਬਿਨਾ ਗਿਆਨੀ ਭਾਗ ਸਿੰਘ ਅੰਬਾਲਾ ਛਾਉਣੀ ਨੇ ਇਕ "ਦਸਮ ਗ੍ਰੰਥ ਨਿਰਣੈਂ" ਪੁਸਤਕ ਲਿਖਕੇ ਵਿਅਕਤੀਗਤ ਕਿੰਤੂ ਕਰਕੇ ਸਿੱਖ ਪੰਥ ਦੇ ਬੁਨਿਆਦੀ ਅਸੂਲਾਂ ਤੇ ਭਾਰੀ ਸੱਟ ਮਾਰਕੇ ਘੋਰ ਪਾਪ ਕੀਤਾ ਹੈ। ਇਸ ਲਈ ਮੈਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਦੇਸ਼ ਅਤੇ ਪ੍ਰਦੇਸ਼ ਦੀਆਂ ਸਮੂਹ ਸਿਖ ਸੰਗਤਾਂ ਨੂੰ ਸੂਚਿਤ ਕਰਦਾ ਹਾਂ ਕਿ ਜਦ ਤੀਕ ਗਿਆਨੀ ਭਾਗ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਆਪ ਹਾਜ਼ਰ ਹੋਕੇ ਇਸ ਕੀਤੇ ਘੋਰ ਪਾਪ ਦੀ ਪ੍ਰਾਸਚਿਤ ਵਜੋਂ ਮੁਆਫੀ ਨਹੀਂ ਮੰਗਦਾ ਸਿਖ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ,

ਗੁਰਪੁਰਬਾਂ ਆਦਿ ਸਮਾਗਮਾਂ ਵਿਖੇ ਕਿਸੇ ਸੂਰਤ ਵਿਚ ਬੀ ਬੋਲਣ ਦੀ ਆਗਿਆ ਨਾਂ ਦੇਣ। ਸਿਖ ਸੰਗਤਾਂ ਇਸ ਤੇ ਸਖਤੀ ਨਾਲ ਅਮਲ ਕਰਨ।

*(ਸਹੀ)*
*ਸਾਧੂ ਸਿੰਘ ਜਥੇਦਾਰ*
*ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ*

ਹੁਣ ਜਦ ਕਿ ਗਿਆਨੀ ਭਾਗ ਸਿੰਘ ਜੀ ਦੀ ਰਚਿਤ ਪੁਸਤਕ "ਦਸਮ ਗ੍ਰੰਥਿ ਨਿਰਣੈ" ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਨਾਮੇ ਦੁਆਰਾ ਸਿਖ ਪੰਥ ਦੇ ਬੁਨਿਆਦੀ ਅਸੂਲਾਂ ਨੂੰ ਸੱਟ ਮਾਰਨ ਵਾਲੀ ਠਹਿਰਾਈ ਗਈ ਤੇ ਗਿਆਨੀ ਭਾਗ ਸਿੰਘ ਜੀ ਨੂੰ ਇਸ ਪਾਪ ਦਾ ਅਪਰਾਧੀ ਕਰਾਰ ਦਿਤਾ ਗਿਆ ਹੈ ਤਾਂ ਚਾਹੀਦਾ ਹੈ ਕਿ ਪੰਜਾਬ ਸਰਕਾਰ 'ਦਸਮ ਗ੍ਰੰਥਿ ਨਿਰਣੈਂ ਪੁਸਤਕ ਨੂੰ ਜ਼ਬਤ ਕਰਨ ਦੀ ਖੇਚਲ ਕਰੇ ਤਾਂ ਕਿ ਇਸ ਪੁਸਤਕ ਦਾ ਪਸਾਰ, ਪ੍ਰਚਾਰ, ਪੁਨਰ ਪ੍ਰਕਾਸ਼ਨ ਰੁਕ ਜਾਏ। ਇਸ ਦੇ ਨਾਲ ਹੀ ਅਸੀਂ ਸਿਖ ਮਿਸ਼ਨਰੀ ਸਕੂਲਾਂ ਯਾ ਕਾਲਜਾਂ ਦੇ ਪ੍ਰਬੰਧਕਾਂ ਨੂੰ ਬੀ ਬਿਨੈ ਕਰਾਂ ਗੇ ਕਿ ਉਨ੍ਹਾਂ ਦੀਆਂ ਸੰਸਥਾਵਾਂ ਵਿਚ ਜੇ ਦਸਮ ਗ੍ਰੰਥਿ ਦੀ ਬਾਣੀ ਦੇ ਵਿਰੁੱਧ ਵਿਦਜਾਰਥੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ ਤਾਂ ਓਹ ਸੁਚੇਤ ਹੋ ਜਾਣ ਤੇ ਐਸੀ ਸਿਖਜਾ ਨੂੰ ਬੰਦ ਕਰਨ ਕਰਾਉਣ ਦੀ ਖੇਚਲ ਕਰਨ। ਆਸ ਹੈ ਹੋਰ ਸਜਣ ਬੀ ਜੋ ਦਸਮ ਗ੍ਰੰਥਿ ਦੀ ਬਾਣੀ ਦੇ ਨੁਕਤਾ ਚੀਨ ਬਣ ਰਹੇ ਹਨ, ਗਿਆਨੀ ਭਾਗ ਸਿੰਘ ਜੀ ਦੀ ਮਿਸਾਲ ਤੋਂ ਸਿਖਜਾ ਲੈਕੇ ਸੰਭਲ ਜਾਣਗੇ ਤੇ ਗੁਰ ਸਿਖੀ ਵਿਚ ਅਸ਼ਰਧਾ ਫੈਲਾਉਣ ਵਾਲੇ ਕਾਰਜ ਵਲੋਂ ਸੰਕੋਚ ਕਰਕੇ ਸ਼ਰਧਾ ਸਿਦਕ ਪਸਾਰਨ ਦੀ ਸੇਵਾ ਪਰ ਤਤਪਰ ਹੋਕੇ ਗੁਰੂ ਕੀਆਂ ਖੁਸ਼ੀਆਂ ਮਾਨਣਗੇ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।।

# ਹਮ ਇਹ ਕਾਜ ਜਗਤ ਮੋ ਆਏ

ਅਥਵਾ

# ਦਸਮ ਗੁਰ ਗਿਰਾ ਸਰਵੇਖਣ

## ੧. ਪ੍ਰਿਥਮ ਭਗਉਤੀ ਸਿਮਰਕੈ...

ਅਸੀਂ ਆਪਣੀ ਅਰਦਾਸ ਹਰ ਰੋਜ਼ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਤੋਂ ਇਸ ਤਰ੍ਹਾਂ ਆਰੰਭ ਕਰਦੇ ਹਾਂ:- 'ਪ੍ਰਿਥਮ ਭਗਉਤੀ ਸਿਮਰਕੈ ਗੁਰ ਨਾਨਕ ਲਈ ਧਿਆਇ।' ਜਿਸ ਪਉੜੀ ਵਿਚ ਅਗੇ ਨੌਵੇਂ ਪਾਤਸ਼ਾਹ ਤੱਕ ਪਵਿਤ੍ਰ ਨਾਮ ਤੇ ਉਨ੍ਹਾਂ ਦਾ ਸਿਮਰਨ ਹੈ। ਸਾਡੇ ਪਾਸ ਇਕ ਪੁਸਤਕ ਪਹੁੰਚੀ ਹੈ ਜਿਸ ਵਿਚ ਦਸਮ ਗ੍ਰੰਥ ਦੀਆਂ ਲਗ ਪਗ ਸਾਰੀਆਂ ਬਾਣੀਆਂ ਪਰ ਟੀਕਾ ਟਿੱਪਣੀ ਕੀਤੀ ਤੇ ਸਿਰਫ ਦੋ ਤਿੰਨ ਬਾਣੀਆਂ ਨੂੰ ਗੁਰੂ ਕ੍ਰਿਤ ਦੱਸ ਕੇ ਬਾਕੀ ਸਭ ਨੂੰ ਪਰ ਕ੍ਰਿਤ ਦੱਸਿਆ ਹੈ। ਇਸ ਪੁਸਤਕ ਦੇ ਲੇਖਕ ਹਨ ਗਿਅਨੀ ਭਾਗ ਸਿੰਘ ਅੰਬਾਲਾ। ਅਸੀਂ ਇਸ ਪਹਿਲੇ ਲੇਖ ਵਿਚ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਪਰ ਆਪਣੇ ਵੀਚਾਰ ਪ੍ਰਗਟ ਕਰਦੇ ਹਾਂ ਕਿਉਂਕਿ ਇਹ ਪਉੜੀ ਸਾਡੀ ਨਿਤ ਦੀ ਅਰਦਾਸ ਦਾ ਆਰੰਭ ਹੈ।

ਉਕਤ ਪੁਸਤਕ ਦੇ ਲੇਖਕ ਗਿਆਨੀ ਜੀ ਦਾ ਵਡਾ ਇਤਰਾਜ਼ 'ਭਗਉਤੀ' ਪਦ ਪਰ ਹੈ, ਉਹ ਜੋ ਕਹਿੰਦੇ ਹਨ ਉਸਦਾ ਭਾਵ ਹੈ ਕਿ 'ਭਗਉਤੀ' ਪਦ ਦਾ ਅਰਥ 'ਦੁਰਗਾ' ਹੈ, ਸਿਖ ਦੁਰਗਾ ਪੂਜਕ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੀ ਦੁਰਗਾ ਪੂਜਕ ਨਹੀਂ ਸਨ, ਇਸ ਲਈ ਇਹ ਵਾਰ ਉਨ੍ਹਾਂ ਦੀ ਰਚੀ ਹੋਈ ਨਹੀਂ, ਸੋ ਅਰਦਾਸ ਵਿਚ ਪ੍ਰਿਥਮ ਭਗਉਤੀ ਸਿਮਰਕੇ ਕਹਿਣਾ ਅਨੁਚਿਤ ਹੈ। ਓਹ ਇਹ ਬੀ ਮੰਨਦੇ ਹਨ ਕਿ 'ਭਗਉਤੀ' ਪਦ ਦੇ ਅਰਥ 'ਤਲਵਾਰ' ਬੀ ਹਨ, ਜੋ ਇਸੇ ਵਾਰ ਦੀ ਪੜਵੀਂ ਪਉੜੀ ਵਿਚ ਵਰਤੇ ਹਨ, ਪਰ ਆਪ ਉਹ ਸਿਰਫ 'ਦੁਰਗਾ' ਅਰਥ ਪਰ ਹੀ ਦ੍ਰਿੜ ਹਨ। ਭਗਉਤੀ ਪਦ ਦੇ ਕੋਸ਼ ਅਰਥ ਕੀ ਕੀ ਹਨ? ਆਓ ਜ਼ਰਾ ਦੇਖੀਏ!

ਭਾਈ ਕਾਹਨ ਸਿੰਘ ਜੀ ਰਚਿਤ 'ਮਹਾਨ ਕੋਸ਼' ਵਿਚ 'ਭਗਉਤੀ' ਪਦ ਦੇ ਛੇ ਅਰਥ ਕੀਤੇ ਹਨ, ਤਰਤੀਬ ਵਾਰ:-



Sri Satguru Jagjit Singh Ji eLibrary NamdhariElibrary@gmail.com

੧. ਭਗਵਤ ਭਗਤ, ਕਰਤਾਰ ਦਾ ਉਪਾਸਕ।

੨. ਭਗਵਤ ਦੀ (ਕਰਤਾਰ ਦੀ) ਯਥਾ– 'ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ।'

੩. ਭਗਵਤੀ, ਦੁਰਗਾ।

੪. ਖੜਗ, ਸ੍ਰੀ ਸਾਹਿਬ, ਤਲਵਾਰ, ਯਥਾ– 'ਲਈ ਭਗਉਤੀ ਦੁਰਗ ਸਾਹ........'

ਤਥਾ– 'ਨਾਉ ਭਗਉਤੀ ਲੋਹ ਘੜਾਇਆ।'

(ਭਾ: ਗੁਰਦਾਸ ਵਾਰ ੨੫–੨੬)

੫. ਮਹਾਂ ਕਾਲ। ਤੂਕ ਵਿਚ ਇਸ਼ਾਰਾ ਦਿੱਤਾ ਹੈ ਜਿਸਦਾ ਭਾਵ ਹੈ ਕਿ ਬਚਿੱਤ੍ਰ ਨਾਟਕ ਦੇ ਪਹਿਲੇ ਅਧਜਾਯ ਵਿਚ ਜਿਸ ਮਹਾਂਕਾਲ ਦਾ ਰੂਪ ਵਰਣਨ ਤੇ ਸਿਫਤ ਸਲਾਹ ਕੀਤੀ ਹੈ, ਜਿਸ ਨੂੰ 'ਜੈ ਤੇਗੰ' ਕਿਹਾ ਹੈ।

੬. ਇਕ ਛੰਦ।

ਕਈ ਅਨੇਕ ਆਰਥੀ ਪਦ ਹੁੰਦੇ ਹਨ, ਉਨ੍ਹਾਂ ਦੇ ਅੱਡ ਅੱਡ ਥਾਂਵੇਂ ਅੱਡ ਅੱਡ ਅਰਥ ਲਗਿਆ ਕਰਦੇ ਹਨ, ਉਨ੍ਹਾਂ ਵਿਚੋ ਕਿਸੇ ਇਕ ਅਰਥ ਤੇਂ ਹੀ ਹਠ ਕਰਨਾ ਕਿ ਹਰ ਥਾਂਵੇਂ ਇਹੋ ਹੀ ਲਗਦਾ ਹੈ ਠੀਕ ਨਹੀਂ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਬੀ 'ਭਗਉਤੀ' ਪਦ ਕਈ ਥਾਂਈਂ ਆਇਆ ਹੈ ਤੇ ਸਾਡਾ ਖਿਆਲ ਹੈ ਕਿ ਓਥੇ ਕਿਸੇ ਇਕ ਥਾਂ ਬੀ ਉਸਦਾ ਅਰਥ 'ਦੁਰਗਾ' ਨਹੀਂ ਲਗਦਾ। ਸ੍ਰੀ ਗੁਰੂ ਗਰੰਥ ਕੋਸ਼ ਵਿਚ ਇਸਦੇ ਤਿੰਨ ਅਰਥ ਕੀਤੇ ਗਏ ਹਨ :–

੧. ਪੂਜਾ ਯੋਗ, ਆਦਰਯੋਗ, ਭਗਵਾਨ।

੨. ਇਕ ਪੰਥ ਦਾ ਨਾਮ, ਵੈਸ਼ਨਵ ਜੋ ਭਗਵਤ ਪਰਾਇਣ ਹੋਵੇ। ਯਥਾ, 'ਐਸਾ ਭਗਉਤੀ ਭਗਵੰਤ ਕਉ ਪਾਵੈ।'

੩. ਉਪਾਸਨਾ ਕਰਨ ਵਾਲਾ, ਭਗਤੀ ਕਰਨ ਵਾਲਾ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਕ ਹੋਰ ਪਦ 'ਭਾਗਉਤ' ਆਇਆ ਹੈ। ਉਸ ਦਾ ਅਰਥ ਬੀ ਹੈ :– ੧. ਭਗਵੰਤ, ਵਾਹਿਗੁਰੂ, ਯਥਾ, "ਭਗਤਿ ਭਾਗਉਤ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ।" ਪਰਮੇਸ਼ਰ ਦੀ ਭਗਤੀ ਲਿਖੀਦੀ ਹੈ ਕਾਗਜ਼ ਉਪਰ ਤਾਂ ਉਸ ਕਾਗਜ਼ ਨੂੰ ਨਮਸਕਾਰਾਂ ਕਰ ਕੇ ਪੂਜੀਦਾ ਹੈ।

ਪਰ ਗਿਆਨੀ ਜੀ ਇਸ ਹਠ ਪਰ ਹਨ ਕਿ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਦੀ ਪਹਿਲੀ ਤੁਕ ਵਿਚ ਅਰਥ ਅਕਾਲ ਪੁਰਖ ਯਾ ਪਰਮੇਸ਼ਵਰ ਨਹੀਂ ਲਗਦਾ, ਇਹ ਕੇਵਲ ਦੁਰਗਾ ਪਦ ਦਾ ਵਾਚਕ ਹੈ ਤੇ ਦੁਰਗਾ ਸਿਖਾਂ



Sri Satguru Jagjit Singh Ji eLibrary NamdhariElibrary@gmail.com

ਦਾ ਪੂਜਜ ਨਹੀਂ। ਇਸ ਲਈ ਇਹ ਚੰਡੀ ਦੀ ਵਾਰ ਕਲਗੀਧਰ ਪਾਤਸ਼ਾਹ ਦੀ ਰਚੀ ਨਹੀਂ, ਇਹ ਕਿਸੇ ਸ਼ਾਕਤਕ ਕਵੀ ਦੀ ਰਚਨਾ ਹੈ। ਕਿਸ ਕਵੀ ਦੀ ਹੈ? ਓਹ ਨਾਮ ਨਹੀਂ ਦੱਸ ਸਕੇ। ਸਤਿਗੁਰੂ ਜੀ ਦੇ ਹਜ਼ੂਰ ਬਵੰਜਾ ਕਵੀ ਰਹਿੰਦੇ ਸਨ।

ਸੋਚਣ ਵਾਲੀ ਗਲ ਇਹ ਹੈ ਕਿ ਇਸ ਪਉੜੀ ਵਿਚ ਕੇਵਲ ਨੌ ਗੁਰੂ ਸਾਹਿਬਾਂ ਦੇ ਪਵਿਤ੍ਰ ਨਾਮ ਲੈ ਕੇ ਸਿਮਰਨ ਕੀਤਾ ਗਿਆ ਹੈ। ਦਸਵੇਂ ਪਾਤਸ਼ਾਹ ਜੀ ਦਾ ਨਾਮ ਨਹੀਂ ਲੀਤਾ ਗਿਆ। ਗੁਰੂ ਜੀ ਦੇ ਹਜ਼ੂਰੀ ਕਵੀ ਕਲਗੀਧਰ ਪਾਤਸ਼ਾਹ ਦੀ ਮੁਕਤ ਕੰਠ ਮਹਿਮਾਂ ਕਰਦੇ ਰਹੇ ਹਨ, ਜਿਨ੍ਹਾਂ ਦੇ ਛੰਦ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮੌਜੂਦ ਹਨ। ਓਹ ਕਵੀ ਇਹ ਬੀ ਜਾਣਦੇ ਸਨ ਕਿ ਕਲਗੀਧਰ ਪਾਤਸ਼ਾਹ ਗੁਰੂ ਨਾਨਕ ਦਾ ਦਸਵਾਂ ਸਰੂਪ ਹਨ ਤੇ ਉਨ੍ਹਾਂ ਦੀ ਗਦੀ ਪਰ ਬਿਰਾਜਮਾਨ ਹਨ। ਫੇਰ ਇਸ ਪਉੜੀ ਵਿਚ ਦਸਵੇਂ ਪਾਤਸ਼ਾਹ ਦਾ ਪਾਵਨ ਨਾਮ ਕਿਉਂ ਨਹੀਂ? ਜੇਕਰ ਕਿਸੇ ਕਵੀ ਦੀ ਰਚਨਾ ਹੁੰਦੀ ਤਾਂ ਇਸ ਪਉੜੀ ਵਿੱਚ ਜ਼ਰੂਰ ਦਸਮੇ ਪਾਤਸ਼ਾਹ ਜੀ ਦਾ ਨਾਮ ਬੀ ਸ਼ਾਮਲ ਹੁੰਦਾ। ਦਸ਼ਮੇਸ਼ ਜੀ ਦਾ ਪਵਿਤ੍ਰ ਨਾਮ ਇਸ ਪਉੜੀ ਵਿਚ ਨਾ ਹੋਣਾ ਸਾਬਤ ਕਰਦਾ ਹੈ ਕਿ ਇਹ ਰਚਨਾ ਕਲਗੀਧਰ ਪਾਤਸ਼ਾਹ ਜੀ ਦੀ ਆਪਣੀ ਹੈ, ਉਨ੍ਹਾਂ ਨੇ ਆਪਣੇ ਤੋਂ ਪਹਿਲੇ ਨੌ ਗੁਰੂ ਸਾਹਿਬਾਂ ਦਾ ਤਾਂ ਸਿਮਰਨ ਕੀਤਾ ਹੈ ਤੇ ਅਪਣਾ ਨਾਮ ਨਿਰਮਾਨਤਾ ਯਾ ਕਸਰੇਨਫ਼ਸੀ ਦੇ ਕਾਰਣ ਨਹੀਂ ਸ਼ਾਮਲ ਕੀਤਾ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਬੀ ਅਪਣੇ ਤੋਂ ਪਹਿਲੇ ਗੁਰੂ ਸਾਹਿਬਾਂ ਨੂੰ ਹੀ ਗੁਰੂ ਸਾਹਿਬ ਆਪ ਸਿਮਰਦੇ ਰਹੇ ਹਨ। ਸੁਖਮਨੀ ਸਾਹਿਬ ਦੇ ਆਦਿ ਵਿਚ ਪੰਚਮ ਪਾਤਸ਼ਾਹ ਜੀ ਨੇ ਪਹਿਲੇ ਚਾਰ ਸਤਿਗੁਰਾਂ ਦਾ ਹੀ ਮੰਗਲ ਕੀਤਾ ਹੈ:–

ਆਦਿ ਗੁਰਏ ਨਮਹ।। ਜੁਗਾਦਿ ਗੁਰਏ ਨਮਹ।।
ਸਤਿ ਗੁਰਏ ਨਮਹ।। ਸ੍ਰੀ ਗੁਰਦੇਵਏ ਨਮਹ।।

ਫੇਰ ਇਹ ਬੀ ਪੰਚਮ ਪਾਤਸ਼ਾਹ ਜੀ ਨੇ ਫੁਰਮਾਇਆ ਹੈ: 'ਗੁਰੂ ਨਾਨਕ ਦੇਵ ਗੋਵਿੰਦ ਰੂਪ।।' ਅਤੇ 'ਸਭ ਤੇ ਵਡਾ ਸਤਿਗੁਰ ਨਾਨਕ ਜਿਨ ਕਲਿ ਰਾਖੀ ਮੇਰੀ।'

ਦੂਜੇ ਪਾਸੇ ਹੋਰ ਕਵੀਆਂ ਭਟਾਂ ਦੀ ਬਾਣੀ ਤੱਕੋ ਉਸ ਵਿਚ ਪੰਜਾਂ ਹੀ ਸਤਿਗੁਰਾਂ ਦੀ ਸਿਫਤ ਸਲਾਹ ਹੈ। ਭਾਈ ਗੁਰਦਾਸ ਜੀ ਨੇ ਛੀਆਂ ਹੀ ਸਤਿਗੁਰਾਂ ਦੀ ਮਹਿਮਾ ਕੀਤੀ ਹੈ। ਇਹ ਫਰਕ ਸਪਸ਼ਟ ਹੈ ਗੁਰੂ ਕ੍ਰਿਤ ਬਾਣੀ ਦਾ ਤੇ ਹੋਰਨਾਂ ਕਵੀਆਂ ਦੀ ਰਚਨਾ ਦਾ।

ਗਿਆਨੀ ਜੀ ਦੱਸਦੇ ਹਨ ਕਿ ਭਸੌੜ ਸਿੰਘ ਸਭਾ ਨੇ 'ਭਗਉਤੀ' ਦੀ ਥਾਵੇਂ 'ਸਤਿਨਾਮ' ਪਦ ਰਖਕੇ ਪ੍ਰਿਥਮ ਸਤਿਨਾਮ ਸਿਮਰਕੇ ਗੁਰ ਨਾਨਕ



Sri Satguru Jagjit Singh Ji eLibrary NamdhariElibrary@gmail.com

ਲਈ ਧਿਆਇ ਅਰਦਾਸ ਬਣਾਈ ਸੀ। ਸੋਚਣ ਵਾਲੀ ਗਲ ਹੈ ਕਿ ਕਿਸੇ ਕਵੀ ਦੀ ਰਚਨਾ ਦੀ ਇਕ ਪਉੜੀ, ਜੋ ਵਿਤੰਡਾਵਾਦੀ ਮਤਰੂਕ ਸਮਝਦੇ ਹਨ, ਕੀ ਇਕ ਲਫਜ਼ ਬਦਲਕੇ ਬਾਕੀ ਵਰਤ ਲੈਣ ਨਾਲ ਇਹ ਪਉੜੀ ਮਤਰੂਕ ਨਹੀਂ ਰਹਿੰਦੀ? ਜਦ ਚੰਡੀ ਦੀ ਵਾਰ ਗੁਰੂ ਕ੍ਰਿਤ ਨਹੀਂ ਤੇ ਕਿਸੇ ਸ਼ਾਕਤਕ ਕਵੀ ਦੀ ਰਚਨਾ ਹੈ ਤਾਂ ਕੀ ਇਹ ਪਉੜੀ ਅਰਦਾਸ ਵਿਚ ਵਰਤਣੀ ਜਾਇਜ਼ ਹੈ? ਜੇ ਨਹੀਂ ਤੇ ਸਾਰੀ ਪਉੜੀ ਛਡਣੀ ਹੈ ਤਾਂ ਫਿਰ ਅਰਦਾਸ ਦੀ ਕੀਹ ਸ਼ਕਲ ਹੋਵੇਗੀ ਤੇ ਗੁਰੂ ਸਾਹਿਬਾਂ ਦੇ ਪਾਵਨ ਨਾਮ ਸਿਮਰਨ ਲਈ ਕਿਸ ਰਚਨਾ ਦਾ ਆਸਰਾ ਲਿਆ ਜਾਏਗਾ? ਗਿਆਨੀ ਜੀ ਨੇ ਆਪਣੇ ਲੇਖ ਵਿਚ ਸਪਸ਼ਟ ਨਹੀਂ ਕੀਤਾ ਕਿ ਓਹ ਅਰਦਾਸ ਵਿਚੋਂ ਸਿਰਫ 'ਭਗਉਤੀ' ਲਫ਼ਜ਼ ਹੀ ਉਡਾਉਣਾ ਚਾਹੁੰਦੇ ਹਨ ਕਿ ਸਾਰੀ ਪਉੜੀ। ਜੇ ਸਾਰੀ ਪਉੜੀ ਤਾਂ ਓਹ ਹੁਣ ਅਰਦਾਸ ਦਾ ਕੀਹ ਰੂਪ ਖਾਲਸੇ ਵਿਚ ਪ੍ਰਵਿਰਤ ਕਰਨਾ ਚਾਹੁੰਦੇ ਹਨ ਯਾ ਸਿਖੀ ਵਿਚੋਂ ਅਰਦਾਸ ਦੀ ਪ੍ਰਥਾ ਹੀ ਖਤਮ ਕਰਨਾ ਚਾਹੁੰਦੇ ਹਨ?

ਫੇਰ ਇਹ ਅਰਦਾਸ ਅੱਜ ਦੀ ਨਹੀਂ ਬਣੀ ਹੋਈ, ਜਿਸਦੇ ਮੁੱਢ ਵਿਚ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਰੱਖੀ ਹੋਈ ਹੈ। ਇਹ ਦਸਮ ਪਾਤਸ਼ਾਹ ਜੀ ਦੇ ਸਮੇਂ ਦੀ ਹੀ ਬਣੀ ਤੇ ਗੁਰੂ ਚਰਨਾਂ ਦੇ ਭਉਰੇ ਕੁਰਬਾਨੀ ਦੇ ਪੁੰਜ ਖਾਲਸੇ ਨੇ ਗੁਰੂ ਕ੍ਰਿਤ ਬਾਣੀ ਦੀ ਪਉੜੀ ਲੈਕੇ ਆਪਣੀ ਅਰਦਾਸ ਵਿਚ ਪਰਮ ਪਵਿਤ੍ਰ ਰਚਨਾ ਜਾਣਕੇ ਰਖਣ ਵਿਚ ਸੁਭਾਗਤਾ ਪ੍ਰਤੀਤ ਕੀਤੀ ਹੈ। ਕੋਈ ਇਤਿਹਾਸ ਇਸਨੂੰ ਮਗਰੋਂ ਦੀ ਬਾਣੀ ਸਿਧ ਕਰਦਾ ਹੋਵੇ ਸਾਡੀ ਨਜ਼ਰੋ ਨਹੀਂ ਲੰਘਿਆ। ਜੇ ਇਹ ਕਲਗੀਧਰ ਪਾਤਸ਼ਾਹ ਦੀ ਰਚਨਾ ਨਾ ਹੁੰਦੀ ਤਾਂ ਸਿਖ ਕਦੀ ਇਸ ਨੂੰ ਆਪਣੀ ਨਿਤ ਦੀ ਅਰਦਾਸ ਦੇ ਮੁਹਰੇ ਨਾ ਰਖਦੇ।



Sri Satguru Jagjit Singh Ji eLibrary NamdhariElibrary@gmail.com

# ੨. ਦੇਹੁ ਸਿਵਾ ਬਰ ਮੋਹਿ ਇਹੈ...

ਦਸਮ ਗ੍ਰੰਥ ਦੀ ਬਾਣੀ ਸੰਬੰਧੀ ਤਰਕਾਂ ਭਰਪੂਰ ਪੁਸਤਕ 'ਦਸਮ ਗ੍ਰੰਥ ਨਿਰਣੈ' ਵਿਚ ਇਸ ਦੇ ਕਰਤਾ ਗਿਆਨੀ ਭਾਗ ਸਿੰਘ ਜੀ ਅੰਬਾਲਵੀ ਲਿਖਦੇ ਹਨ: 'ਇਹ ਮੰਨਿਆਂ ਕਿ 'ਬਰ ਦੇਹ ਸਿਵਾ' ਵਾਲਾ ਸਵੈਯਾ, ਦਸਮ ਗ੍ਰੰਥ ਵਿਚ ਲਿਖਿਆ ਹੈ, ਪ੍ਰੰਤੂ ਇਹ ਇਕ ਸਾਕਤ ਮਤੀਏ ਕਵੀ ਦੀ ਰਚਨਾ ਹੈ, ਗੁਰੂ ਕਲਗੀਧਰ ਜੀ ਦੀ ਬਾਣੀ ਨਹੀਂ ਅਤੇ ਸਿਵਾ ਦਾ ਅਰਥ ਬੀ ਅਕਾਲ ਪੁਰਖ ਨਹੀਂ ਤੇ ਨਾ ਹੀ ਗੁਰੂ ਜੀ ਨੇ ਸਿਵਾ ਤੋਂ ਕੋਈ ਵਰ ਮੰਗਿਆ ਹੈ।' ਇਸ ਲਈ ਖਾਲਸੇ ਨੂੰ ਤੇ ਰਾਗੀਆਂ ਨੂੰ ਇਹ ਬਿਲਕੁਲ ਨਹੀਂ ਗਾਉਣਾ ਚਾਹੀਦਾ।

ਦਸਮ ਗ੍ਰੰਥ ਦੀ ਬਾਣੀ ਇਕ ਮਹਾਨ ਸਬਲ ਸਾਹਿਤ ਹੈ ਤੇ ਓਜੱਸਵੀ ਬਾਣੀ ਹੈ ਤੇ ਇਹ ਸਾਡਾ ਵਿਰਸਾ ਹੈ। ਇਹ ਨਿਰਾ ਅਸਾਂ ਸਿੱਖਾਂ ਲਈ ਹੀ ਨਹੀਂ ਸਗੋਂ ਸਾਰੇ ਹਿੰਦੀਆਂ, ਭਾਰਤੀਆਂ ਲਈ ਹੈ। ਓਹ ਹਿੰਦੀ, ਜੋ ਵਦੇਸ਼ੀ ਹਮਲਾ–ਆਵਰਾਂ ਦੀ ਮਾਰ ਹੇਠ ਆਪਣਾ ਸਾਹਸ ਖ਼ਤਮ ਕਰ ਚੁਕੇ ਸਨ, ਕਲਗੀਧਰ ਪਾਤਸ਼ਾਹ ਉਨ੍ਹਾਂ ਵਿਚ ਮਰਦਊ ਪੁਣਾ ਜਗਾਉਣਾ ਚਾਹੁੰਦੇ ਸਨ, ਉਨ੍ਹਾਂ ਦੀ ਨਾੜ ਨਾੜ ਵਿਚ ਬੀਰਤਾ ਤੇ ਕੁਰਬਾਨੀ ਦਾ ਮਾਦਾ ਭਰਨਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਨੇ ਵੀਰ ਰਸੀ ਰੂਪ ਵਿਚ ਪੇਸ਼ ਕੀਤਾ ਹੈ, ਜਾਪ ਸਾਹਿਬ ਸ਼ਾਂਤਿ ਰਸੀ ਬਾਣੀ ਹੈ ਪਰ ਉਸ ਵਿਚ ਦੇ ਛੰਦ ਸਾਰੇ ਬੀਰ ਰਸੀ ਹਨ, ਉਸ ਵਿਚ ਬੀ ਆਪਣੇ ਅਕਾਲ ਪੁਰਖ ਦੇ ਹੱਥਾਂ ਵਿਚ ਸ਼ਸਤ੍ਰਅਸਤ੍ਰ ਫੜੇ ਦੇਖਦੇ ਹਨ ਤੇ ਨਮਸਕਾਰਾਂ ਕਰਦੇ ਹਨ, 'ਨਮੋ ਸਸਤ੍ਰ ਪਾਣੇ। ਨਮੋ ਅਸਤ੍ਰ ਮਾਣੇ;' ਫਿਰ ਉਸਨੂੰ 'ਕਲਹ ਕਰਤਾ' ਬੀ ਕਹਿ ਕੇ ਨਮਸਕਾਰ ਕਰਦੇ ਹਨ। ਤੇ ਇਉਂ ਹਿੰਦੀਆਂ ਦੀ ਮਰ ਚੁਕੀ ਅਣਖ ਨੂੰ ਜਗਾਉਣ ਲਈ ਓਹ ਸਾਹਿਤ ਬੀਰ ਰਸੀ ਰਚਦੇ ਹਨ ਤੇ ਉਨ੍ਹਾਂ ਦੇ ਮੰਨੇ ਤੇ ਪੂਜੇ ਗਏ ਦੇਵੀ ਦੇਵਤਿਆਂ ਅਵਤਾਰਾਂ ਦੇ ਜੀਵਨ ਤੇ ਵਿਸ਼ੇਸ਼ ਕਰਕੇ ਉਨ੍ਹਾਂ ਦੇ ਜੰਗਾਂ ਜੁੱਧਾਂ ਦੇ ਬੜੇ ਓਜਮਈ ਰੰਗ ਵਿਚ ਵਰਣਨ ਕਰਦੇ ਹਨ ਤਾਂ ਕਿ ਹਿੰਦੀ ਆਪਣੇ ਪੂਰਵਜਾਂ ਦੇ ਸਾਹਸੀ ਸਾਹਿਤ ਨੂੰ ਪੜ੍ਹਕੇ ਮਰਦਊ ਪੁਣੇ ਵਿਚ ਸਾਵਧਾਨ ਹੋ ਜਾਣ ਤੇ ਆਪਣੀ ਸੁਰੱਖਜਤਾ, ਆਪਣੀ ਅਣਖ ਇੱਜ਼ਤ ਦੀ ਰਾਖੀ ਬੀਰਤਾ ਵਿਚ ਭਰਕੇ ਸਾਹਸ ਨਾਲ ਕਰ ਸਕਣ, ਜੇ ਬਾਹਰੋਂ ਹਮਲਾ ਹੋਵੇ ਤਾਂ ਉਸ ਅੱਗੇ ਲੰਮੇ ਨਾ ਪੈ ਜਾਣ, ਜੇ ਉਨ੍ਹਾਂ ਦੀਆਂ ਬਹੂਆਂ ਬੇਟੀਆਂ ਹਮਲਾ ਆਵਰ ਖੋਹ ਕੇ ਹੱਕ ਲਿਜਾਂਦਾ ਹੈ ਤਾਂ ਹੱਥ ਮਲਦੇਖੜੇ ਵੇਖਦੇ ਨਾ ਰਹਿਣ, ਪਰ ਕ੍ਰਿਪਾਨ ਸੂਤਕੇ ਜ਼ਾਲਮ ਦਾ ਬਹਾਦਰੀ ਨਾਲ ਟਾਕਰਾ ਕਰਨ ਤੇ ਉਨ੍ਹਾਂ ਨਾਲ ਜੂਝਕੇ ਮਰਨ ਨੂੰ ਪਰਮ ਉੱਤਮ ਸਮਝਣ। ਤੇ ਓਹ ਕ੍ਰਿਪਾਨ ਨੂੰ ਹੀ ਭਗਉਤੀ, ਚੰਡੀ,



Sri Satguru Jagjit Singh Ji eLibrary NamdhariElibrary@gmail.com

ਦੁਰਗਾ ਆਦਿ ਸਮਝਣ ਓਹੋ ਹੀ ਉਨ੍ਹਾਂ ਦੀ ਰਖਜਾ ਕਰ ਸਕਦੀ ਹੈ, ਕਲਜੁਗ ਵਿਚ ਹੋਰ ਕੋਈ ਦੇਵੀ ਦੇਵਤਾ ਨਹੀਂ ਬਾਹੁੜਦਾ। ਇਸੇ ਲਈ ਹਿੰਦੀਆਂ ਦਾ ਉਨ੍ਹਾਂ ਨੇ ਕੌਮੀ ਗੀਤ (National Song) ਐਸਾ ਬਣਾਇਆ ਕਿ ਜਿਸ ਨੂੰ ਉਤਸ਼ਾਹ ਨਾਲ ਗਾ ਸੁਣਕੇ ਮੱਲੋ ਮੱਲੀ ਹੱਥ ਕ੍ਰਿਪਾਨ ਦੀ ਮੁੱਠ ਤੇ ਚਲਾ ਜਾਏ :–

ਦੇਹੁ ਸਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ,
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ,
ਅਰ ਸਿਖਹੋਂ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਣ ਮੈਂ ਤਬ ਜੂਝ ਮਰੋਂ।

ਕਮਾਲ ਦੀ ਦੂਰ ਦਰਸ਼ਤਾ ਹੈ ਇਸ ਸਵੈਯੇ ਵਿਚ 'ਸਿਵ' ਯਾ 'ਸਿਵਾ' ਪਦ ਵਰਤਣ ਵਿਚ। ਨਾਲੰਦਾ ਵਿਸ਼ਾਲ ਸ਼ਬਦ ਸਾਗਰ ਨੇ ਸ਼ਿਵ ਦੇ ੩੨ ਅਰਥ ਕੀਤੇ ਹਨ, ਜਿਨ੍ਹਾਂ ਵਿਚੋਂ ਚਉਥਾ ਅਰਥ ਹੈ, ਪਰਮੇਸ਼ਵਰ। ਮਹਾਨ ਕੋਸ਼ ਨੇ ਸ਼ਿਵ ਦੇ ੧੯ ਅਰਥ ਕੀਤੇ ਹਨ, ਦਸਵਾਂ ਅਰਥ ਦਿਤਾ ਹੈ: ਪਾਰਬ੍ਰਹਮ, ਕਰਤਾਰ। ਗੁਰਬਾਣੀ ਦੀ ਤੁਕ ਦਾ ਇਹ ਪ੍ਰਮਾਣ ਉਨ੍ਹਾਂ ਨੇ ਦਿਤਾ ਹੈ: 'ਜਹ ਦੇਖਾ ਤਹ ਰਵ ਰਹੇ ਸਿਵ ਸਕਤੀ ਦਾ ਮੇਲ (ਸਿਰੀ: ਮ: ੧)। ਸ਼ਿਵਾ ਪਦ ਦੇ ਅਰਥ ਨਾਲੰਦਾ ਕੋਸ਼ ਨੇ ੧੪ ਦਿਤੇ ਹਨ ਤੇ ਮਹਾਨ ਕੋਸ਼ ਨੇ ੧੦। ਮਹਾਨ ਕੋਸ਼ ਵਿਚ ਦੂਜਾ ਅਰਥ ਦਿਤਾ ਹੈ: 'ਪਾਰਬ੍ਰਹਮ ਦੀ ਸ਼ਕਤੀ' ਤ ਉਦਾਹਰਣ ਏਹੋ ਹੀ ਦਿਤੀ ਹੈ: 'ਦੇਹੁ ਸਿਵਾ ਬਰ ਮੋਹਿ ਇਹੈ।' ਇਸ ਪਦ ਦੇ ਵਰਤਣ ਵਿਚ ਦੀਰਘ ਦ੍ਰਿਸ਼ਟੀ ਇਹ ਜਾਪਦੀ ਹੈ ਕਿ ਇਹ ਕੌਮੀ ਗੀਤ ਸਾਰੀਆਂ ਕੌਮਾਂ ਲਈ ਸਾਂਝਾ ਹੋਵੇ ਤੇ ਸਭੇ ਖਿਆਲਾਂ ਦੇ ਪ੍ਰਾਣੀ ਇਸ ਤੋਂ ਉਤਸ਼ਾਹ ਤੇ ਕੁਰਬਾਨੀ ਦਾ ਉਮਾਹ ਪ੍ਰਾਪਤ ਕਰ ਸਕਣ। ਉਨ੍ਹਾਂ ਵਿਚ ਜੇ ਕੋਈ ਸ਼ਿਵ ਉਪਾਸਕ ਹੈ ਤਾਂ ਓਹ 'ਸਿਵਾ' ਨੂੰ ਸ਼ਿਵ ਜੀ ਸੰਬੋਧਕ ਪਦ ਸਮਝੇ। ਜੇ ਕੋਈ ਦੁਰਗਾ ਉਪਾਸ਼ਕ ਹੈ ਓਹ ਬੇਸ਼ਕ ਆਪਣੇ ਪੂਜ ਦੁਰਗਾ ਤੋਂ ਵਰ ਮੰਗ ਰਿਹਾ ਸਮਝੇ, ਤੇ ਜੋ ਨਿਰੰਕਾਰ ਉਪਾਸ਼ਕ ਹੈ ਓਹ ਸਿਵਾ ਦਾ ਅਰਥ ਪਾਰਬ੍ਰਹਮ ਯਾ ਕਰਤਾਰ ਨੂੰ ਸੰਬੋਧਨ ਸਮਝੇ ਤੇ ਸਭੇ ਵੀਰ ਇਕ ਸੁਰ ਵਿਚ ਆਪਣੇ ਇਸ ਕੌਮੀ ਗੀਤ ਨੂੰ ਗਾਉਣ ਤੇ 'ਨਿਸਚੈ ਕਰਿ ਅਪਨੀ ਜੀਤ ਕਰੋਂ ਦੇ ਫਤਹ ਦੇ ਦਾਈਏ ਵਿਚ ਲਾਲ ਰੱਤੇ ਹੋ ਹੋ ਜਾਣ।



Sri Satguru Jagjit Singh Ji eLibrary NamdhariElibrary@gmail.com

ਇਸ ਛੰਦ ਬਾਰੇ ਇਕ ਇਹ ਖਿਆਲ ਬੀ ਧਿਆਨ ਵਿਚ ਲੀਤਾ ਜਾ ਸਕਦਾ ਹੈ: ਹਿੰਦੂ ਆਪਣੇ ਤਿੰਨ ਮਹਾਨ ਅਵਤਾਰ ਮੰਨਦੇ ਹਨ; ਵਿਸ਼ਨੂ, ਬ੍ਰਹਮਾ ਤੇ ਸ਼ਿਵ। ਇਨ੍ਹਾਂ ਦਾ ਕਾਰਜ ਘੇਰਾ ਕੀਹ ਮੰਨਿਆ ਜਾਂਦਾ ਹੈ? ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ : 'ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ।।" ਵਿਸ਼ਨੂ ਸੰਸਾਰੀ ਹੈ, ਸੰਸਾਰ ਪੈਦਾ ਕਰਦਾ ਕਹੀਦਾ ਹੈ। ਬ੍ਰਹਮਾ ਭੰਡਾਰੀ, ਭਾਵ ਜਗਤ ਪ੍ਰਤਿਪਾਲਕ ਮੰਨਿਆਂ ਜਾਂਦਾ ਹੈ, ਤੀਜਾ ਹੈ ਸ਼ਿਵ, ਜਿਸ ਨੂੰ ਜਗਤ ਦੇ ਲਯ ਕਰਨ ਦੀ ਬਾਣ ਪਈ ਹੈ, ਭਾਵ ਉਹ ਜਗਤ ਸੰਘਾਰਕ ਮੰਨਿਆ ਜਾਂਦਾ ਹੈ। ਕਲਗੀਧਰ ਪਾਤਸ਼ਾਹ ਵਿਸ਼ਨੂੰ ਤੇ ਬ੍ਰਹਮਾ ਨੂੰ ਛੋੜਕੇ ਕੇਵਲ ਸ਼ਿਵ ਨੂੰ ਸੰਬੋਧਨ ਕਰਦੇ ਹਨ, ਜੋ ਸੰਘਾਰ ਕਰਨ ਦਾ ਇਨਚਾਰਜ ਕਹੀਦਾ ਹੈ। ਕਹਿੰਦੇ ਹਨ : 'ਸ਼ਿਵ! ਤੂੰ ਵਰ ਦਾਤਾ ਮੰਨਿਆਂ ਜਾਂਦਾ ਹੈਂ, ਮੈਨੂੰ ਬੀ ਇਹ ਵਰ ਦੇਹ ਕਿ ਮੈਂ ਸ਼ੁਭ ਕਰਮਾਂ ਤੋਂ ਕਦੇ ਨਾ ਟਲਾਂ, ਵੈਰੀਆਂ ਤੋਂ ਕਦੇ ਨਾ ਡਰਾਂ, ਜੇ ਜੰਗ ਗਲੇ ਆ ਪਵੇ ਤਾਂ ਐਸਾ ਜੂਝਾਂ ਕਿ ਹਰ ਹਾਲਤ ਤੇ ਨਿਸਚੇ ਕਰਕੇ ਆਪਣੀ ਜਿਤ ਪ੍ਰਾਪਤ ਕਰਾਂ। ਅਪਣੇ ਇਸੇ ਦ੍ਰਿੜ ਵਿਸ਼ਵਾਸ ਸਦਕਾ ਕਲਗੀਧਰ ਪਾਤਸਾਹ ਨੇ ਜਿੰਨੇ ਜੰਗ ਲੜੇ ਸਭਨਾਂ ਵਿਚ ਜਿੱਤ ਪ੍ਰਾਪਤ ਕੀਤੀ। ਇਸ ਛੰਦ ਦੀ ਅੰਤਲੀ ਤੁਕ ਵਿਚ ਕਹਿੰਦੇ ਹਨ ਕਿ ਹੇ ਸ਼ਿਵ! ਤੂੰ ਸੰਘਾਰ ਕਰਤਾ ਹੈਂ, ਮੇਰੀ ਉਮਰ ਦੀ ਹੱਦ ਜਦ ਅਖੀਰ ਤੇ ਪਹੁੰਚੇ ਭਾਵ ਮੁੱਕਣ ਲਗੇ ਤਾਂ ਇਹ ਬੰਦੋਬਸਤ ਕਰ ਦੇਵੀਂ ਕਿ ਮੈਂ ਰਣ ਭੂਮੀ ਵਿਚ ਘਮਸਾਣ ਦਾ ਯੁੱਧ ਕਰਦਾ ਹੋਇਆ ਸ਼ਹੀਦ ਹੋ ਜਾਵਾਂ, ਨਾ ਕਿ ਕਿਸੇ ਹੋਰ ਮੌਤੇ ਮਰਾਂ।

ਇਹ ਸ਼ਿਵ ਨੂੰ ਇਸ਼ਟ ਮੰਨ ਕੇ ਉਸ ਅੱਗੇ ਅਰਦਾਸ ਨਹੀਂ ਕੀਤੀ। ਆਪ ਜੀ ਦਾ ਜੋ ਇਸ਼ਟ ਹੈ ਉਹ ਅਸੀਂ ਏਸੇ ਪੁਸਤਕ ਦੇ ਚੌਥੇ ਲੇਖ ਵਿਚ ਸਪਸ਼ਟ ਕਰ ਰਹੇ ਹਾਂ। ਇਥੇ ਤਾਂ ਇਹ ਇਸ ਤਰ੍ਹਾਂ ਹੈ ਜਿਵੇਂ ਕਿਸੇ ਹੁਨਰ ਦੇ ਮਾਹਰ ਯਾ ਪ੍ਰਬੰਧਕ ਨੂੰ ਅਪਣੇ ਕਿਸੇ ਕਾਰਜ ਵਿਚ ਸਹਾਇਤਾ ਲਈ ਵੰਗਾਰ ਪਾਈਦੀ ਹੈ, ਇਉਂ ਸ਼ਿਵ ਜੀ ਨੂੰ ਵੰਗਾਰ ਪਾਈ ਹੈ।

ਨਾਂ ਨਿਰਾ ਇਹੋ, ਸਗੋਂ ਕਲਗੀਧਰ ਪਾਤਸ਼ਾਹ ਨੇ ਇਹ ਖਿਆਲ ਦੋ ਤ੍ਰੈ ਹੋਰ ਥਾਂਈਂ ਬੀ ਦਸਮ ਗ੍ਰੰਥ ਵਿਚ ਮੂਰਤੀਮਾਨ ਕੀਤਾ ਹੈ। ਜੇ ਕੋਈ ਸੂਰਜ ਚੰਦ੍ਰਮਾਂ ਦਾ ਪੁਜਾਰੀ ਹੈ, ਉਨ੍ਹਾਂ ਨੂੰ ਦੇਵਤੇ ਮੰਨ ਕੇ ਪੂਜਦਾ, ਅਰਘ ਦੇਂਦਾ ਹੈ ਤਾਂ ਆਪ ਲੋਚਦੇ ਹਨ ਕਿ ਓਹ ਬੀ ਆਪਣੇ ਪੂਜ ਸੂਰਜ ਚੰਦ ਤੋਂ ਏਹੋ ਮੰਗ ਮੰਗੇ :–

ਹੇ ਰਵਿ ਹੇ ਸੀਸ ਹੇ ਕਰੁਣਾ ਨਿਧਿ
ਮੇਰੀ ਅਬੈ ਬਿਨਤੀ ਸੁਨਿ ਲੀਜੈ।



Sri Satguru Jagjit Singh Ji eLibrary NamdhariElibrary@gmail.com

ਅਉਰ ਨ ਮਾਂਗਤ ਹਉ ਤੁਝ ਤੇ ਕੁਛ
ਚਾਹਤ ਹੋ ਚਿਤ ਮੈ ਸੋਈ ਕੀਜੈ।
ਸ਼ਸਤ੍ਰਨ ਸਿਉਂ ਅਤਿ ਹੀ ਰਣ ਭੀਤਰ
ਜੂਝ ਮਰੋਂ ਕਹਿ ਸਾਚ ਪਤੀਜੈ।
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰ ਸ੍ਯਾਮ ਇਹੈ ਵਰ ਦੀਜੈ।

*(ਕ੍ਰਿਸ਼ਨਾਵਤਾਰ–੧੮੯੯)*

ਸਰਬ ਸਾਂਝਾ ਨਜ਼ਰੀਆ ਹੈ ਕਲਗੀਧਰ ਜੀ ਦੇ ਸਾਹਮਣੇ। ਓਹ ਚਾਰੇ ਵਰਨਾਂ ਦੇ ਹੱਥ ਵਿਚ ਕ੍ਰਿਪਾਨ ਫੜਾਉਣਾ ਲੋਚਦੇ ਹਨ, ਚਾਰੇ ਵਰਨਾਂ ਨੂੰ ਛੱਤ੍ਰੀ ਰੂਪ ਵਿਚ ਵੇਖਣਾ ਚਾਹੁੰਦੇ ਹਨ, ਇਸੇ ਲਈ ਅਮਲੀ ਤੌਰ ਤੇ ਖਾਲਸਾ ਸਜਾਉਣ ਵੇਲੇ ਉਨ੍ਹਾਂ ਨੇ ਸਭਨਾਂ ਨੂੰ ਇਕੋ ਬਾਟੇ ਅੰਮ੍ਰਿਤ ਛਕਾਕੇ ਛੱਤ੍ਰੀ ਸਿੰਘ ਸੂਰਬੀਰ ਬਣਾ ਦਿਤਾ ਸੀ। ਬ੍ਰਾਹਮਣ ਵਰਣ ਸਭ ਤੋਂ ਉਚ ਜਾਤੀ ਗਿਣਿਆ ਜਾਂਦਾ ਹੈ, ਓਹ ਬ੍ਰਾਹਮਣ ਨੂੰ ਬੀ ਕਹਿੰਦੇ ਹਨ ਤੂੰ ਬ੍ਰਾਹਮਣ ਨਾ ਬਣ, ਤੂੰ ਬੀ ਛੱਤ੍ਰੀ ਬਣ ਤੇ ਕਹੁ:–

ਛੱਤ੍ਰੀ ਕੋ ਪੂਤ ਹੌ ਬ੍ਰਾਹਮਨ ਕੋ ਨਹਿ
ਕੈ ਤਪ ਆਵਤ ਹੈ ਜੁ ਕਰੋਂ।
ਅਰ ਅਉਰ ਜੰਜਾਰ ਜਿਤੋ ਗ੍ਰਿਹ ਕੋ
ਤਿਹ ਤ੍ਯਾਗ ਕਹਾ ਚਿਤ ਤਾ ਮੈ ਧਰੋਂ।
ਅਬ ਰੀਝ ਕੈ ਦੇਹੁ ਵਹੈ ਹਮਕੋ
ਜੋਊ ਹੌਂ ਬਿਨਤੀ ਕਰ ਜੋਰਿ ਕਰੋਂ।
ਜਬ ਆਉ ਕੀ ਅਉਧ ਨਿਦਾਨ ਬਨੈ
ਅਤਿ ਹੀ ਰਣ ਮੈਂ ਤਬ ਜੂਝ ਮਰੋਂ।

*(ਕ੍ਰਿਸ਼ਨਾਵਤਾਰ–੨੪੮੮)*

ਇਸੇ ਤਰ੍ਹਾਂ ਆਪਣੇ ਸਾਹਿਤ ਦੁਆਰਾ ਭਾਰਤੀਆਂ ਦੇ ਹਿਰਦਿਆਂ ਵਿਚੋਂ ਆਪਣੇ ਹੱਥ ਲੀਤੀ ਗਿਆਨ ਦੀ ਬਢਨੀ (ਦਾਤ੍ਰੀ ਯਾ ਆਰੀ) ਨਾਲ ਮਾਨੋ ਵੱਢਕੇ ਕਾਇਰਤਾ ਦਾ ਕੂਤਰਾ ਯਾ ਕੂੜਾ ਹੂੰਝ ਕੇ ਓਹ ਆਪਣੇ ਦੇਸ਼ ਹਿੰਦ ਤੋਂ ਬਾਹਰ ਵਗਾਹ ਮਾਰਨਾ ਲੋਚਦੇ ਸਨ, ਤੇ ਐਸਾ ਕਰਨ ਵਾਲੇ ਨੂੰ ਧੰਨ ਕਹਿੰਦੇ ਸਨ। ਇਸੇ ਲਈ ਉਨ੍ਹਾਂ ਫੁਰਮਾਯਾ:–



Sri Satguru Jagjit Singh Ji eLibrary NamdhariElibrary@gmail.com

ਧੰਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿਤ ਮੈਂ ਜੁੱਧ ਵਿਚਾਰੈ।
ਦੇਹ ਅਨਿਤ ਨ ਨਿੱਤ ਰਹੈ
ਜਸ ਨਾਵ ਚੜੈ ਭਵ ਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ
ਤਨ ਬੁਧਿ ਸੁ ਦੀਪਕ ਜਿਉਂ ਉਜੀਆਰੈ।
ਗਿਆਨਹਿ ਕੀ ਬਢਨੀ ਮਨਹੁ
ਹਾਥ ਲੈ ਕਾਤੁਰਤਾ ਕੁਤਵਾਰ ਬੁਹਾਰੈ।

*(ਕ੍ਰਿਸ਼ਨਾਵਤਾਰ–੨੪੯੧)*

ਕਲਗੀਧਰ ਪਾਤਸ਼ਾਹ ਦੇ ਹਿਰਦੇ ਵਿਚ ਦੇਸ਼ ਤੇ ਕੌਮ ਨੂੰ ਕਿੰਨਾ ਸਬਲ, ਸ਼ਕਤੀ ਸ਼ਾਲੀ ਤੇ ਸਾਹਸਵਾਨ ਬਨਾਉਣ ਦੀ ਲੋਚਾ ਸੀ, ਉਨ੍ਹਾਂ ਦੇ ਹਰ ਕਾਰਜ ਤੋਂ ਇਹ ਜਾਲਾ ਪ੍ਰਚੰਡ ਪ੍ਰਜੁਲਤ ਦਿੱਸਦੀ ਹੈ। ਜਿੱਧਰ ਬੀ ਤੱਕੋ ਇਸੇ ਦਾ ਪ੍ਰਕਾਸ਼ ਨੂਰ ਲਾ ਰਿਹਾ ਹੈ। ਆਪ ਜੀ ਦੇ ਗ੍ਰਿਹ ਚਾਰ ਸਾਹਿਬਜ਼ਾਦੇ ਪੈਦਾ ਹੋਏ, ਉਨ੍ਹਾਂ ਦੇ ਪਵਿੱਤ੍ਰ ਨਾਮ ਆਪ ਜੀ ਨੇ ਕੀਹ ਰਖੇ? ਸਾਹਿਬ ਅਜੀਤ ਸਿੰਘ, ਸਾਹਿਬ ਜੁਝਾਰ ਸਿੰਘ, ਸਾਹਿਬ ਜ਼ੋਰਾਵਰ ਸਿੰਘ; ਸਾਹਿਬ ਫਤਿਹ ਸਿੰਘ, ਚਾਰੇ ਬੀਰਤਾ ਦਾ ਅਦੂਤੀ ਸਰੂਪ; ਓਹੋ "ਨਿਸਚੈ ਕਰਿ ਆਪਨੀ ਜੀਤ ਕਰੋਂ" ਤੇ "ਅਤਿ ਹੀ ਰਣ ਮੈਂ ਤਬ ਜੂਝ ਮਰੋ" ਵਿਚ ਕਥੇ ਨਿਸ਼ਾਨੇ ਦਾ ਸਾਕਾਰ ਸਰੂਪ। ਤੇ ਫਿਰ ਏਹ ਨਿਕੀਆਂ ਮਾਸੂਮ ਜਿੰਦਾਂ ਬਹਾਦਰੀ ਦਲੇਰੀ ਦੇ ਜੌਹਰ ਦਿਖਾਕੇ ਅਜਿੱਤ ਰਹਿੰਦੀਆਂ ਹੋਈਆਂ ਵੱਡੇ ਸਾਕੇ ਵਰਤਾਕੇ ਜ਼ੁਲਮ ਸਾਹਵੇਂ ਜੂਝਕੇ ਫਤਹ ਪ੍ਰਾਪਤ ਕਰ ਗਈਆਂ ਤੇ ਜਗਤ ਤੇ ਲਾਸਾਨੀ ਮਿਸਾਲ ਕਾਇਮ ਕਰ ਗਈਆਂ।

ਹਾਂ, ਦਸਮ ਗਰੰਥ ਦਾ ਸਬਲ ਸਾਹਿਤ ਸਾਡਾ ਵਿਰਸਾ ਹੈ, ਨਾ ਨਿਰਾ ਸਾਡਾ ਸਗੋਂ ਸਾਰੇ ਭਾਰਤੀਆਂ ਦਾ, ਇਸ ਨੂੰ ਅਸਾਂ ਅਪਨਾਉਣਾ ਹੈ, ਪਿਆਰਨਾ ਹੈ, ਇਸ ਤੋਂ ਸੁਸਿਖਿਆ ਤੇ ਚੜ੍ਹਦੀਆਂ ਕਲਾਂ ਦਾ ਉਤਸ਼ਾਹ ਲੈਣਾ ਹੈ ਨਾਕਿ ਇਸਨੂੰ ਤ੍ਰਿਸਕਾਰਨਾ ਯਾ ਪਰੇ ਸੁੱਟਣਾ ਹੈ।

ਪੰਝੀ ਤੀਹ ਬਰਸ ਹੋਏ ਇਕ ਪੁਰਾਤਨ ਦਸਮ ਗਰੰਥ ਦੀ ਬੀੜ ਦੇ ਦਰਸ਼ਨ ਹੋਏ ਸਨ। ਜਿਸ ਵਿਚ ਅੱਠ ਦਸ ਪੱਤਰੇ ਸ਼ਿਕਸਤਾ ਲਿਖਤ ਦੇ ਸਨ ਤੇ ਉਹ ੨੪ ਅਵਤਾਰਾਂ ਦੀ ਕਥਾ ਵਿਚ ਦੇ ਸਨ ਤੇ ਕਲਗੀਧਰ ਪਾਤਸ਼ਾਹ ਦੀ ਕਲਮ ਦੇ ਲਿਖੇ ਮੰਨੇ ਜਾਂਦੇ ਸਨ। ਉਨ੍ਹਾਂ ਪੱਤ੍ਰਿਆਂ ਵਿਚੋਂ ਇਕ ਪੰਨੇ ਦੀ ਅਸਾਂ ਫੋਟੋ ਲੈਕੇ ਖਾਲਸਾ ਸਮਾਚਾਰ ਦੇ ਜੁਬਿਲੀ ਅੰਕ ਵਿਚ ੧੯੫੦ ਵਿਚ ਛਾਪੀ ਸੀ ਬਤੌਰ ਦਸਮੇਸ਼ ਪਿਤਾ ਜੀ ਦੇ ਦਸਖਤਾਂ ਦੇ ਦਰਸ਼ਨ ਕਰਾਉਣ ਦੇ। ਉਸ



Sri Satguru Jagjit Singh Ji eLibrary NamdhariElibrary@gmail.com

ਦਸਮ ਗਰੰਥ ਦੀਬੀੜ ਵਿਚ ਇਕ ਖਾਸ ਗਲਇਹ ਸੀ ਕਿ ੨੪ ਅਵਤਾਰਾਂ ਦੀ ਕਥਾ ਜੋ ਇਸ ਵਿਚ ਲਿਖੀ ਹੋਈ ਸੀ, ਉਸ ਵਿਚ ਕਿਤੇ ਕਿਤੇ ਇਕ ਇਕ ਤੁਕ ਓਸੇ ਸ਼ਿਕਸਤਾ ਲਿਖਤ ਵਿਚ ਲਿਖੀ ਹੋਈ ਸੀ। ਜਾਪਦਾ ਸੀ ਕਿ ਕਲਗੀਧਰ ਪਾਤਸ਼ਾਹ ਜੀ ਦੀ ਅਸਲ ਸ਼ਿਕਸਤਾ ਲਿਖਤ ਤੋਂ ਜੋ ਲਿਖਾਰੀ ਉਤਾਰਾ ਕਰਦਾ ਸੀ, ਉਸ ਤੋਂ ਕੋਈ ਕੋਈ ਸ਼ਿਕਸਤਾ ਲਿਖੀ ਸਤਰ ਨਹੀਂ ਪੜੀ ਗਈ, ਤੇ ਓਹ ਸਤਰ ਜੋਗੀ ਥਾਂ ਛੱਡ ਕੇ ਅੱਗੇ, ਅਗਲੀ ਤੁਕ ਤੋਂ ਲਿਖਣ ਲਗ ਪੈਂਦਾ ਸੀ, ਮਗਰੋਂ ਕਲਗੀਧਰ ਪਾਤਸ਼ਾਹ ਨੇ ਲਿਖਾਰੀ ਦੀ ਉਸ ਲਿਖਤ ਨੂੰ ਸੋਧਿਆ ਤਾਂ ਖਾਲੀ ਛੱਡੀਆਂ ਤੁਕਾਂ ਦੀ ਥਾਂਵੇਂ ਫਿਰ ਆਪ ਆਪਣੀ ਸ਼ਿਕਸਤਾ ਲਿਖਤ ਵਿਚ ਪਾਠ ਪੂਰਾ ਕਰ ਜਾਂਦੇ ਰਹੇ। ਉਹ ਬੀੜ ਜਿਨ੍ਹਾਂ ਦੇ ਘਰ ਸੀ ਹੁਣ ਓਥੇ ਨਹੀਂ ਹੈ ਤੇ ਘਰ ਦੇ ਮਾਲਕ ਸਰਦਾਰ ਜੀ ਦੇ ਚੜ੍ਹਾਈ ਕਰ ਜਾਣ ਦੇ ਪਿਛੋਂ ਕੋਈ ਸਜਣ, ਜਿਸ ਦੀ ਅੱਖ ਉਸ ਬੀੜ ਪਰ ਸੀ; ਬੀਬੀਆਂ ਪਾਸੋਂ ਲੈ ਗਿਆ*। ਚੀਫ ਖਾਲਸਾ ਦੀਵਾਨ ਦੇ ਤੇ ਗੁਰੂ ਨਾਨਕ ਯੂਨੀਵਰਸਿਟੀ ਦੇ ਮੁਖੀ ਜੇ ਉਦਮ ਕਰਨ ਤਾਂ ਉਹ ਬੀੜ ਤਲਾਸ਼ ਕਰਕੇ ਗੁਰੂ ਨਾਨਕ ਯੂਨੀਵਰਸਿਟੀ ਵਿਚ ਸੁਰੱਖਜਤ ਕਰ ਲੈਣ। ਹੋ ਸਕਦਾ ਹੈ ਉਹ ਬੀੜ ਐਸੇ ਕਈ ਸ਼ੰਕਾਵਾਦੀਆਂ ਦੇ ਸੰਸਿਆਂ ਦੀ ਨਵਿਰਤੀ ਕਰ ਸਕੇ।

---

* ਇਹ ਲਿਖਤੀ ਬੀੜ ਤੇ ਹੋਰ ਕਈ ਲਿਖਤੀ ਬੀੜਾਂ ਉਨ੍ਹਾਂ ਦੇ ਘਰ ਮੌਜੂਦ ਸਨ। ਜੋ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇ ਖਾਨੇ ਤੋਂ ਜਾਪਦਾ ਹੈ ਕਿ ਇਨ੍ਹਾਂ ਦੇ ਘਰ ਆਈਆਂ ਸਨ। ਇਨ੍ਹਾਂ ਦੇ ਬਜ਼ੁਰਗ ਮਹਾਰਾਜਾ ਰਣਜੀਤ ਸਿੰਘ ਜੀ ਦੇ ਗ੍ਰੰਥੀ ਸਨ।



Sri Satguru Jagjit Singh Ji eLibrary NamdhariElibrary@gmail.com

# ੩. ਹੇਮ ਕੁੰਟ ਪਰਬਤ ਹੈ ਜਹਾਂ

ਗਿਆਨੀ ਭਾਗ ਸਿੰਘ ਜੀ ਆਪਣੀ ਪੁਸਤਕ 'ਦਸਮ ਗਰੰਥ ਨਿਰਣੈ' ਵਿਚ ਬਚਿਤ੍ਰ ਨਾਟਕ ਨੂੰ ਮਹਾਂ ਕਾਲ ਦੇ ਆਰਾਧਕ ਸ਼ਾਕਤ ਕਵੀ ਦੀ ਰਚਨਾ ਦਸਦੇ ਹਨ। ਪਰ 'ਬਚਿਤ੍ਰ ਨਾਟਕ' ਬਾਣੀ ਇਕ ਐਸੀ ਰਚਨਾ ਹੈ ਜਿਸ ਵਿਚ ਕਲਗੀਧਰ ਪਾਤਸ਼ਾਹ ਨੇ ਆਪਣੇ ਜਗਤ ਵਿਚ ਪ੍ਰਵੇਸ਼ ਕਰਕੇ ਜੋ ਮਜ਼ਲੂਮਾਂ ਦੀ ਰਖਜਾ ਤੇ ਜ਼ਾਲਮਾਂ ਨੂੰ ਸੋਧਣ ਦਾ ਅਦੁਤੀ ਤੇ ਅਨੋਖਾ ਨਾਟਕ ਖੇਡਿਆ ਹੈ ਉਸ ਵਿਚ ਪਹਿਲੇ ਆਪਣੇ ਅਵਤਾਰ ਤੇ ਫਿਰ ਜੀਵਨ ਦੇ ਪਹਿਲੇ ਕੁਝ ਸਾਲਾਂ ਵਿਚ ਕੀਤੇ ਜੰਗਾਂ ਦਾ ਵਰਣਨ ਕੀਤਾ ਹੈ। ਸਾਡਾ ਇਹ ਵਿਸ਼ਵਾਸ ਹੈ ਤੇ ਸ. ਰਤਨ ਸਿੰਘ ਜੀ ਜੱਗੀ ਬੀ ਇਹੀ ਮੰਨਦੇ ਹਨ।

ਕਲਗੀਧਰ ਪਾਤਸ਼ਾਹ ਨੇ ਚੰਡੀ ਦੀ ਵਾਰ ਦੇ ਸ਼ੁਰੂ ਵਿਚ ਭਗਉਤੀ ਨੂੰ ਯਾਦ ਕੀਤਾ ਸੀ ਪਰ ਏਥੇ ਇਸ ਬਾਣੀ ਦੇ ਆਰੰਭ ਵਿਚ 'ਭਗਉਤੀ' ਦੀ ਥਾਵੇਂ 'ਖੜਗ' ਨੂੰ ਨਮਸਕਾਰ ਕੀਤੀ ਹੈ; ਫਿਰ ਅਕਾਲ ਪੁਰਖ ਦੀ ਉਸਤਤਿ ਕੀਤੀ ਹੈ:

*ਦੋਹਿਰਾ:–*

ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤ ਚਿਤ ਲਾਇ।।
ਪੂਰਨ ਕਰੋਂ ਗਿਰੰਥ ਇਹ ਤੁਮ ਮੁਹਿ ਕਰੋ ਸਹਾਇ।।੧।।

*ਤ੍ਰਿਭੰਗੀ ਛੰਦ:–*

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਭੰਡੰ।
ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਵਿਖ ਹਰਣੰ ਅਸ ਸਰਣੰ।
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।੨।

'ਭਗਉਤੀ' ਹੋਵੇ ਯਾ 'ਖੜਗ' ਜਾਂ 'ਤੇਗ' ਹੋਵੇ, ਗਲ ਇਕੋ ਹੀ ਹੈ ਤੇ ਮੁਰਾਦ ਮੋਇਆਂ ਨੂੰ ਸੁਰਜੀਤ ਕਰਨ ਵਾਲੀ ਅਕਾਲ ਪੁਰਖ ਦੀ ਸ਼ਕਤੀ ਤੋਂ ਹੈ। ਕਲਗੀਧਰ ਪਾਤਸ਼ਾਹ ਨੇ ਆਪਣੇ ਅਕਾਲ ਪੁਰਖ ਨੂੰ ਕਿਉਂ ਇਸ ਬੀਰ ਰਸੀ ਰੂਪਕ ਵਿਚ ਦਰਸਾਯਾ ਹੈ? ਸ. ਰਤਨ ਸਿੰਘ ਜੀ ਜੱਗੀ ਲਿਖਦੇ ਹਨ:–



Sri Satguru Jagjit Singh Ji eLibrary NamdhariElibrary@gmail.com

'ਉਸ ਸਮੇਂ ਦੀ ਰਾਜਨੀਤਕ ਸਥਿਤੀ ਦੀ ਭਿਆਨਕਤਾ ਸਮਾਜਕ ਵਿਵਸਥਾ ਦੀ ਅਸੰਤੁਲਨਤਾ ਅਤੇ ਧਾਰਮਕ ਅਡੰਬਰਤਾ ਤੇ ਕੁਰੀਤੀਆਂ ਕਰਕੇ ਸਾਰਾ ਦੇਸ਼ ਬੜੀ ਮਾੜੀ ਹਾਲਤ ਵਿਚ ਸੀ। ਦੇਸ਼ ਵਿਚ ਦੋ ਵਰਗ ਸਨ– ਇਕ ਸ਼ਾਸਕਾਂ ਦਾ ਤੇ ਦੂਜਾ ਸ਼ਾਸਿਤਾਂ ਦਾ। ਸ਼ਾਸਕਾਂ ਵਿਚ ਅਭਿਮਾਨ ਦੀ ਪ੍ਰਧਾਨਤਾ ਸੀ ਅਤੇ ਸ਼ਾਸਿਤ ਵਰਗ ਆਪਣੀ ਸੂਰਬੀਰਤਾ, ਜਾਤੀ ਅਭਿਮਾਨ ਅਤੇ ਅਣਖ ਨੂੰ ਗਵਾ ਬੈਠਾ ਸੀ। ਕਈ ਸਦੀਆਂ ਤੋਂ ਬਾਹਰਲੇ ਹਮਲਾ ਆਵਰਾਂ ਦੁਆਰਾ ਦੁਖਾਈ ਅਤੇ ਅੰਦਰਲੀਆਂ ਕਮਜ਼ੋਰੀਆਂ ਕਰਕੇ ਨਿਰਬਲ ਤੇ ਸਿਥਲ ਪਈ ਜਨਤਾ ਨੂੰ ਸੁਤੰਤਰਤਾ ਲਈ ਤਿਆਰ ਕਰਨਾ ਸਹਲ ਕੰਮ ਨਹੀਂ ਸੀ। ਇਸ ਲਈ ਨਿਰੰਤਰ ਪ੍ਰੇਰਨਾ ਦੀ ਲੋੜ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਅੰਦੋਲਨ ਨੂੰ ਚਲਾ ਕੇ ਇਸ ਦੇ ਸਮੁਚਿਤ ਵਿਕਾਸ਼ ਦੀ ਜ਼ਿੰਮੇਵਾਰੀ ਆਪਣੇ ਉਤਰੋਤਰ ਗੱਦੀਦਾਰਾਂ ਤੇ ਛੱਡ ਦਿੱਤੀ। ਪ੍ਰਵਿਰਤੀ ਅੱਠ ਗੁਰੂ ਸਾਹਿਬਾਂ ਨੇ ਇਸ ਕੰਮ ਨੂੰ ਇਤਨੀ ਚੰਗੀ ਤਰ੍ਹਾਂ ਚਲਾਇਆ ਅਤੇ ਲੋੜ ਤੇ ਸਥਿਤੀ ਅਨੁਸਾਰ ਇਸ ਵਿਚ ਸੁਧਾਰ ਕੀਤੇ ਕਿ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਪਹੁੰਚਦੇ ਸੰਪੂਰਨ ਜਨਤਾ ਆਪਣੇ ਵੰਚਤ ਅਧਿਕਾਰਾਂ ਨੂੰ ਫਿਰ ਤੋਂ ਪ੍ਰਾਪਤ ਕਰਨ ਦੀ ਚਾਹਵਾਨ ਹੋ ਗਈ। ਸ਼ਾਸਕ ਵਰਗ ਦੇ ਹਰ ਇਕ ਅਤਯਾਚਾਰ ਦਾ ਉਤਰ ਅਜੇ ਤੱਕ ਅਹਿੰਸਾ ਦੁਆਰਾ ਹੀ ਦਿਤਾ ਜਾਂਦਾ ਸੀ।.....ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਨੇ ਸਿਖਾਂ ਵਿਚ ਇਕ ਨਵੀਂ ਉਤੇਜਨਾ ਭਰ ਦਿਤੀ। ਆਪਣੇ ਗੁਰੂ ਦੇ ਕਤਲ ਦਾ ਬਦਲਾ ਲੈਣ ਲਈ ਸਿਖ ਭੜਕ ਉਠੇ। ਉਹਨਾਂ ਨੂੰ ਕੇਵਲ ਇਕ ਨੇਤਾ ਦੀ ਲੋੜ ਸੀ, ਜਿਸ ਦੀ ਪੂਰਤੀ ਤੇਜੱਸਵੀ ਨੌਜਵਾਨ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਜ਼ਾਲਮ ਹਕੂਮਤ ਨੂੰ ਨਸ਼ਟ ਕਰਨ ਲਈ ਗੁਰੂ ਜੀ ਨੇ ਜਿਥੇ ਸਿਖਾਂ ਨੂੰ ਸੈਨਿਕ ਸਿਖਲਾਈ ਦੇਣੀ ਆਰੰਭ ਕੀਤੀ ਓਥੇ ਉਨ੍ਹਾ ਦੀ ਮਾਨਸਿਕ ਪੱਧਰ ਨੂੰ ਬੀ ਪੱਕਿਆਂ ਕੀਤਾ। ਸਿਖਾਂ ਦੇ ਮਨਾਂ ਵਿਚ ਆਤਮ ਵਿਸ਼ਵਾਸ ਅਤੇ ਸਾਹਸ ਭਰਿਆ। ਹਾਰੇ ਅਤੇ ਨਿਰਾਦਰੇ ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਨੂੰ ਉਭਾਰਨ ਅਤੇ ਰਾਸ਼ਟਰੀ ਭਾਵਨਾ ਨੂੰ ਜਗਾਉਣ ਵਿਚ ਸਾਹਿਤ ਅਤੇ ਪੂਰਵਜਾਂ ਦੀਆਂ ਕਥਾ ਕਹਾਣੀਆਂ ਕਿਤਨੀਆਂ ਲਾਭਦਾਇਕ ਸਿਧ ਹੋ ਸਕਦੀਆਂ ਸਨ, ਇਸ ਤੋਂ ਗੁਰੂ ਜੀ ਚੰਗੀ ਤਰ੍ਹਾਂ ਜਾਣੂ ਸਨ। ਉਹਨਾਂ ਨੇ ਆਪਣੇ ਪਾਸ ਵਿਦਵਾਨ ਪੰਡਤਾਂ ਅਤੇ ਕਵੀਆਂ ਨੂੰ ਸ਼ਰਨ ਦਿਤੀ। ਗੁਰੂ ਜੀ ਦੇ ਦਰਬਾਰ ਦੇ ੫੨ ਕਵੀ ਇਤਿਹਾਸ ਪ੍ਰਸਿਧ ਹਨ। ਇਹਨਾਂ ਕਵੀਆਂ ਤੋਂ ਦਸਮ ਗੁਰੂ ਜੀ ਨੇ ਰਾਮਾਇਣ, ਮਹਾਂ ਭਾਰਤ ਅਤੇ ਪੁਰਾਣਕ ਕਥਾਵਾਂ ਨੂੰ ਭਾਖਾ ਵਿਚ ਲਿਖਵਾਇਆ, ਤਾਂ ਜੋ ਪੰਜਾਬ ਵਾਸੀ ਭੂਤ ਕਾਲ ਦੇ ਭਾਰਤੀ ਆਗੂਆਂ ਤੇ ਵੀਰਾਂ ਦੇ ਜੀਵਨ ਚਰਿਤ੍ਰਾਂ ਤੋਂ ਜਾਣੂ ਹੋ ਸਕਣ ਅਤੇ ਇਹ ਵੀ ਜਾਣ ਲੈਣ ਕਿ ਸਦਾ ਸੱਦ ਵਿਚਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਇਹਨਾਂ ਕਥਾਵਾਂ ਦੇ ਯੁੱਧ ਸਬੰਧੀ ਪ੍ਰਸੰਗਾਂ ਨੂੰ ਵਿਸ਼ੇਸ਼ ਰੂਪ ਵਿਚ ਚਿੱਤ੍ਰਤ



Sri Satguru Jagjit Singh Ji eLibrary NamdhariElibrary@gmail.com

ਕਰਵਾਇਆ। ਯੁੱਧ ਭੂਮੀ ਨੂੰ ਜਾਣ ਵੇਲੇ ਯੁੱਧ ਵੀਰ ਸਿਖਾਂ ਦੇ ਮਨਾਂ ਵਿਚ ਯੁੱਧ ਦੀ ਅੱਗ ਭੜਕਾਣ ਲਈ ਅਤੇ ਉਨ੍ਹਾਂ ਦੇ ਦਿਲਾਂ ਵਿਚ ਬੀਰ ਭਾਵਨਾਂ ਦਾ ਸੰਚਾਰ ਕਰਨ ਲਈ ਕਵੀਆਂ ਦੀ ਵੀਰ ਰਸੀ ਬਾਣੀ ਨਾਲ ਆਕਾਸ਼ ਗੂੰਜ ਉਠਿਆ। ਸਾਧਾਰਣ ਵਿਅਕਤੀ ਉਤੇ ਇਸ ਬਾਣੀ ਦਾ ਕੀ ਪ੍ਰਭਾਵ ਪਿਆ ਇਸ ਦਾ ਕੁਝ ਪਰਿਚਯ ਭੰਗਾਣੀ ਯੁੱਧ ਤੋਂ ਮਿਲ ਜਾਂਦਾ ਹੈ।

(ਸਚ ਖੰਡ ਪੱਤਰ ਅਕਤੂਬਰ ੧੯੭੬ ਪੰਨਾ ੨੫, ੨੬)

ਅਗੇ ਚਲਕੇ ਸ੍ਰੀ ਜੱਗੀ ਜੀ ਲਿਖਦੇ ਹਨ:–

'ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੈਂਤ ਅਤੇ ਦੇਵਤਾ ਸ਼ਕਤੀਆਂ ਦਾ ਦੁਅੰਦ ਹਿੰਦੂ ਅਤੇ ਮੁਸਲਮਾਨ ਸ਼ਕਤੀਆਂ ਦੇ ਰੂਪ ਵਿਚ ਉਪਸਥਿਤ ਹੋ ਗਿਆ ਸੀ। ਮੁਸਲਮਾਨ ਦੁਰ–ਵ੍ਰਿਤੀਆਂ ਦੇ ਪ੍ਰਤੀਕ ਸਨ ਅਤੇ ਦੇਵਤਾ ਸ਼ਕਤੀਆਂ ਦੇ ਪ੍ਰਤੀਕ ਹਿੰਦੂ ਸਨ। ਉਹਨਾਂ ਦੀ ਸਹਾਇਤਾ ਜਾਂ ਧਰਮ ਦੀ ਮਰਿਯਾਦਾ ਨੂੰ ਬਣਾਏ ਰਖਣ ਲਈ ਭਗਵਾਨ ਨੇ ਆਪਣਾ ਕੋਈ ਨਾ ਕੋਈ ਪ੍ਰਤਿਨਿਧ ਭੇਜਣਾ ਸੀ। ਫਲ ਸਰੂਪ ਉਸ ਵੇਲੇ ਅਜਿਹੀ ਚੋਣ ਦਸਮ ਗੁਰੂ ਜੀ ਦੀ ਹੋਈ:–

ਤਪ ਸਾਧਤ ਹਰਿ ਮੋਹਿ ਬੁਲਾਯੋ।।
ਇਮ ਕਹਿ ਕੈ ਇਹ ਲੋਕ ਪਠਾਯੋ।।੨੮।।
ਮੈਂ ਅਪਨਾ ਸੁਤ ਤੋਹਿ ਨਿਵਾਜਾ।।
ਪੰਥ ਪ੍ਰਚੁਰ ਕਰਬੇ ਕਹੁ ਸਾਜਾ।।
ਜਾਹਿ ਤਹਾਂ ਤੈ ਧਰਮ ਚਲਾਇ।।
ਕੁਬੁਧਿ ਕਰਨ ਤੈ ਲੋਕ ਹਟਾਇ।।

'ਬਚਿਤ੍ਰ ਨਾਟਕ ਨੇ ਅੱਗੇ ਇਹ ਵੀ ਸਵੀਕਾਰ ਕੀਤਾ ਹੈ ਕਿ ਦੁਸ਼ਟਾਂ ਦਾ ਨਾਸ਼ ਕਰਨਾ ਉਹਨਾਂ ਦੇ ਜਨਮ ਧਾਰਣ ਦਾ ਮੁਖ ਪ੍ਰਯੋਜਨ ਹੈ:–

ਯਾ ਹੀ ਕਾਜ ਧਰਾ ਹਮ ਜਨਮੰ।।
ਸਮਝ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।।
ਦੁਸਟ ਸਭਨ ਕੋ ਮੂਲ ਉਪਾਰਨ।।'

(ਓਹੋ ਸਚਖੰਡ ਪੱਤ੍ਰ ਪੰਨਾ ੨੭–੨੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇਜਸੱਵੀ ਹਸਤੀ ਮਿਲਣ ਵਾਲਿਆਂ ਤੇ ਦਰਸ਼ਕਾਂ ਵਿਚ ਵੀਰਤਾ ਦੀ ਪ੍ਰਚੰਡ ਜੁਆਲਾ ਭੜਕਾਉਣ ਵਾਲੀ ਸੀ। ਭੰਗਾਣੀ ਯੁਧ ਵਿਚ ਕ੍ਰਿਪਾਲ ਉਦਾਸੀ ਸਾਧੂ ਤੇ ਲਾਲ ਚੰਦ ਹਲਵਾਈ ਤੱਕ ਵੀਰ ਰਸ



Sri Satguru Jagjit Singh Ji eLibrary NamdhariElibrary@gmail.com

ਵਿਚ ਰੰਗੀਜ ਕੇ ਓਹ ਓਹ ਕਾਰੇ ਕਰ ਗਏ ਕਿ ਦੁਨੀਆਂ ਹੈਰਾਨ ਹੁੰਦੀ ਹੈ। ਕਵੀ ਸਮੁਦਾਇ ਸੰਗਮ ਭਾਵੇਂ ਮਗਰੋਂ ਪਾਉਂਟੇ ਹੋਇਆ ਤੇ ਸੰਸਕ੍ਰਿਤ ਰਚਨਾਵਾਂ ਦੇ ਉਲਥੇ ਕਰਵਾਏ, ਪਰ ਆਪ ਦੀ ਬਾਣੀ ਨੇ ਸੁਤੀਆਂ ਸੁਰਤਾਂ ਨੂੰ ਜਗਾਉਣ ਦਾ ਕੰਮ ਪਹਿਲੋਂ ਆਰੰਭ ਕਰ ਦਿਤਾ ਸੀ। ਕਈ ਰਚਨਾਵਾਂ ਆਪ ਨੇ ਸ੍ਰੀ ਆਨੰਦਪੁਰ ਰਚੀਆਂ। ਜਾਪ ਸਾਹਿਬ ਸ਼ਾਂਤਿ ਰਸੀ ਬਾਣੀ ਹੈ ਪਰ ਉਸ ਦੇ ਸਾਰੇ ਦੇ ਸਾਰੇ ਛੰਦ ਬੀਰ ਰਸੀ ਹਨ। ਅਕਾਲ ਉਸਤਤਿ ਵਿਚ ਬੀ ਓਹੋ ਰੰਗ ਪ੍ਰਕਾਸ਼ ਰਿਹਾ ਹੈ।

ਭਾਰਤੀ ਜਨਤਾ ਦੀ ਜੋ ਦਸ਼ਾ ਸੀ ਉਸ ਦਾ ਚਿੱਤ੍ਰ ਸ੍ਰੀ ਜੱਗੀ ਜੀ ਦੇ ਲੇਖ ਵਿਚ ਸਪਸ਼ਟ ਹੈ। ਜਿਸ ਨੂੰ ਚੜ੍ਹਦੀਆਂ ਕਲਾਂ ਵਿਚ ਲਿਆਉਣ ਲਈ ਵੀਰ ਰਸੀ ਸਾਹਿਤ ਆਪ ਬੀ ਰਚਿਆ ਤੇ ਕਵੀਆਂ ਕੋਲੋਂ ਬੀ ਰਚਵਾਇਆ। ਭਾਰਤੀ ਹਿੰਦੂ ਜਨਤਾ ਜਿਨ੍ਹਾਂ ਦੇਵੀ ਦੇਵਤਿਆਂ ਤੇ ਅਵਤਾਰਾਂ ਦੀ ਪੂਜਕ ਸੀ, ਉਨ੍ਹਾਂ ਦੇ ਹੀ ਪ੍ਰਸੰਗ ਲੈ ਕੇ ਵੀਰ ਰਸੀ ਰੰਗਾਂ ਵਿਚ ਚਿੱਤ੍ਰਤ ਕੀਤੇ, ਜੰਗਾਂ ਯੁਧਾਂ ਦੇ ਸਮਾਚਾਰ ਖਾਸ ਤੌਰ ਤੇ ਓਜਮਈ ਦਰਸਾਏ ਗਏ ਤਾਂ ਕਿ ਹਿੰਦੀ ਜਨਤਾ ਕੁਝ ਸਾਹਸ ਫੜੇ। ਕ੍ਰਿਸ਼ਨ ਅਵਤਾਰ ਦੇ ਅੰਤ ਵਿਚ ਸਾਫ ਇਹ ਆਸ਼ਾ ਪ੍ਰਗਟ ਕੀਤੀ ਹੈ:—

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।।
ਅਵਰ ਵਾਸ਼ਨਾ ਨਾਹਿ ਪ੍ਰਭ ਧਰਮ ਜੁੱਧ ਕੈ ਚਾਇ।।੨੪੯੦

*(ਕ੍ਰਿਸ਼ਨਾਵਤਾਰ)*

ਬਚਿਤ੍ਰ ਨਾਟਕ ਦੇ ਸ਼ੁਰੂ ਵਿਚ ਕਲਗੀਧਰ ਪਾਤਸ਼ਾਹ ਨੇ ਆਪਣੇ ਅਕਾਲ ਪੁਰਖ ਨੂੰ ਨਿਰਾ ਸ਼ਾਂਤਿ ਰਸੀ ਰੂਪਕ ਵਿਚ ਨਹੀਂ ਵਰਣਨ ਕੀਤਾ, ਸਗੋਂ ਵਧੇਰੇ ਜ਼ੋਰ ਬੀਰ ਰਸੀ ਰੂਪਕ ਵਿਚ ਦਰਸਾਉਣ ਤੇ ਹੈ। ਓਹ ਸ੍ਰੀ ਜਾਪ ਸਾਹਿਬ ਵਿਚ ਵੀ ਲਿਖਦੇ ਹਨ:—

ਨਮੋ ਸਸਤ੍ਰ ਪਾਣੇ।। ਨਮੋ ਅਸਤ੍ਰ ਮਾਣੇ।।

*(ਪਉੜੀ ੫੨)*

ਨਮਸਤੰ ਨ੍ਰਿਨਾਥੇ।। ਨਮਸਤੰ ਪ੍ਰਮਾਥੇ।।
ਨਮਸਤੰ ਅਗੰਜੇ।।ਨਮਸਤੰ ਪ੍ਰਭੰਜੇ।।

*(ਪਉੜੀ ੬੫)*

ਫਿਰ ਉਸ ਅਕਾਲ ਪੁਰਖ ਯਾ ਮਹਾਂ ਕਾਲ ਦੀ ਦੂਤੀ ਬੀ ਜੋ ਵਰਣਨ ਕੀਤੀ ਹੈ, ਉਹ ਬੀ ਬਹੁਤ ਕਰਕੇ ਬੀਰ ਰਸੀ ਹੈ:—



Sri Satguru Jagjit Singh Ji eLibrary NamdhariElibrary@gmail.com

'ਗਰਬ ਗੰਜਨ ਸਰਬ ਭੰਜਨ।' ਸਰਬ ਗੰਤਾ ਸਰਬ ਹੰਤਾ।।' 'ਅਤਿ ਦ੍ਰੁਤਿ ਪ੍ਰਚੰਡ'। ਇਸ ਤਰ੍ਹਾਂ ਦੇ ਤੇਜੱਸਵੀ ਰੂਪ ਵਰਣਨ ਜਾਪ ਸਾਹਿਬ ਵਿਚ ਬਾਰ ਬਾਰ ਆਏ ਹਨ। ਫੇਰ ਆਪ ਨੇ ਆਪਣੇ ਅਕਾਲ ਪੁਰਖ ਨੂੰ 'ਕਲਹ ਕਰਤਾ' ਬੀ ਕਿਹਾ ਹੈ:–

'ਨਮੋ ਕਲਹ ਕਰਤਾ ਨਮੋ ਸਾਂਤ ਰੂਪੇ।।'

(ਪਉੜੀ ੧੮੭)

ਪਰ ਗਿਆਨੀ ਭਾਗ ਸਿੰਘ ਜੀ ਕਹਿੰਦੇ ਹਨਲ, ਖਾਲਸੇ ਵਿਚ ਸ਼ਸਤ੍ਰ ਪੂਜਾ ਨਹੀਂ ਹੈ। ਠੀਕ, ਇਸ਼ਟ ਪੂਜਾ ਸਮਾਨ ਤਾਂ ਸ਼ਸਤ੍ਰ ਪੂਜਾ ਨਹੀਂ ਹੈ ਪਰ ਸਸਤ੍ਰਾਂ ਦਾ ਪਰਮ ਸਤਿਕਾਰ ਸ਼ੁਰੂ ਤੋਂ ਹੈ ਤੇ ਹੁਣ ਬੀ ਹੈ। ਤਖ਼ਤ ਸਾਹਿਬਾਂ ਪਰ ਗੁਰੂ ਸਾਹਿਬਾਂ ਦੇ ਤੇ ਸ਼ਹੀਦਾਂ ਸਿੰਘਾਂ ਦੇ ਸ਼ਸਤ੍ਰ ਸੁਰਖਜਤ ਹਨ ਤੇ ਉਨ੍ਹਾਂ ਦਾ ਸਤਿਕਾਰ ਕਾਇਮ ਹੈ। ਉਹਨਾਂ ਦੇ ਸਤਿਕਾਰ ਸਹਿਤ ਦਰਸ਼ਨ ਕਰਾਏ ਜਾਂਦੇ ਹਨ। ਹਰ ਅੰਮ੍ਰਿਤਧਾਰੀ ਖਾਲਸੇ ਦੇ ਕ੍ਰਿਪਾਨ ਪੰਜਾਂ ਕਕਾਰਾਂ ਵਿਚ ਸ਼ਾਮਲ ਕੀਤੀ ਗਈ ਹੈ, ਉਸ ਨੂੰ ਸਤਿਕਾਰ ਸਹਿਤ ਅਸੀਂ ਸੰਭਾਲਦੇ ਹਾਂ ਤੇ ਬੇ–ਅਦਬੀ ਨਹੀਂ ਕਰਦੇ।

ਜਿਸ ਤਰ੍ਹਾਂ ਜਾਪ ਸਾਹਿਬ ਵਿਚ ਗੁਰੂ ਜੀ ਨੇ ਆਪਣੇ ਅਕਾਲ ਪੁਰਖ ਦੇ ਬੀਰ ਰਸੀ ਦਰਸ਼ਨ ਕਰਾਏ ਹਨ, ਓਸੇ ਤਰ੍ਹਾਂ ਬਚਿਤ੍ਰ ਨਾਨਕ ਦੇ ਪਹਿਲੇ ਅਧਿਆਇ ਵਿਚ ਬੀ ਚਿੱਤ੍ਰਤ ਕੀਤੇ ਹਨ। ਫਿਰ ਸੋਢੀ, ਬੇਦੀ ਵੰਸ ਆਦਿ ਦੀ ਮੂਲ ਕਥਾ ਤੇ ਉਨ੍ਹਾਂ ਦੇ ਵੈਰ ਵਿਰੋਧ ਤੇ ਜੁੱਧਾਂ ਦਾ ਵਰਨਣ ਕੀਤਾ ਹੈ ਤੇ ਛੇਵੇਂ ਅਧਜਾਯ ਵਿਚ ਆਪਣੇ ਜਗਤ ਪ੍ਰਵੇਸ਼ ਦੀ ਵਿਥਜਾ ਕਹੀ ਹੈ ਤੇ ਲਿਖਿਆ ਹੈ:–

ਅਬ ਮੈ ਅਪਨੀ ਕਥਾ ਬਖਾਨੋ।।
ਤਪ ਸਾਧਤ ਜਿਹ ਬਿਧਿ ਮੁਹਿ ਆਨੋ।।
ਹੇਮ ਕੁੰਟ ਪਰਬਤ ਹੈ ਜਹਾਂ।।੧।।
ਸਪਤ ਸ੍ਰਿੰਗ ਤਿਹ ਨਾਮ ਕਹਾਵਾ।।
ਪੰਡੁ ਰਾਜ ਜਹਿ ਜੋਗ ਕਮਾਵਾ।।
ਤਹਿ ਹਮ ਅਧਿਕ ਤਪੱਸਿਆ ਸਾਧੀ।।
ਮਹਾਂ ਕਾਲ ਕਾਲਕਾ ਆਰਾਧੀ।।੨।।
ਇਹ ਬਿਧਿ ਕਰਤ ਤਪੱਸਿਆ ਭਯੋ।।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।।



Sri Satguru Jagjit Singh Ji eLibrary NamdhariElibrary@gmail.com

ਅਰਥ ਸਪਸ਼ਟ ਹਨ ਕਿ ਹੁਣ ਮੈਂ ਆਪਣੀ ਕਥਾ ਕਹਿੰਦਾ ਹਾਂ ਜਿਵੇਂ ਮੈਨੂੰ ਤਪ ਸਾਧਦੇ ਨੂੰ ਅਕਾਲ ਪੁਰਖ ਨੇ ਸੰਸਾਰ 'ਤੇ ਲਿਆਂਦਾ। ਹੇਮ ਕੁੰਟ ਪਰਬਤ ਜਿਥੇ ਹੈ ਓਥੇ ਸਪਤ ਸ੍ਰਿੰਗ ਨਾਮੇ ਪਹਾੜ ਹਨ, ਓਥੇ ਅਸੀਂ ਭਾਰੀ ਤਪੱਸਜਾ ਕੀਤੀ ਤੇ ਮਹਾਂ ਕਾਲ ਦੀ ਆਰਾਧਨਾ ਕੀਤੀ। ਇਸ ਆਰਾਧਨਾ ਵਿਚ ਦੋਹ ਤੋਂ ਇਕ ਰੂਪ ਹੋ ਗਿਆ; ਇਕ ਅਕਾਲ ਪੁਰਖ ਤੇ ਦੂਜੇ ਆਪ, ਉਪਾਸਕ ਤੇ ਉਪਾਸਜ ਇਕ ਰੂਪ ਹੋ ਗਏ, ਭਾਵ ਅਕਾਲ ਪੁਰਖ ਵਿਚ ਮੈਂ ਲੀਨ ਹੋ ਗਿਆ। ਤਿੰਨਾਂ ਤੋਂ ਇਕ ਰੂਪ ਨਹੀਂ ਕਿਹਾ। ਅਗੇ ਦੱਸਦੇ ਹਨ ਫਿਰ ਮੈਨੂੰ ਅਕਾਲ ਪੁਰਖ ਨੇ ਸੰਬੋਧਨ ਕਰਕੇ ਸਮਝਾਇਆ ਤੇ ਜਗਤ ਤੇ ਭੇਜਿਆ, ਹਾਲਾਂ ਕਿ ਮੇਰਾ ਚਿਤ ਉਸ ਤੋਂ ਵਿਛੁੜਨ ਤੇ ਨਹੀਂ ਸੀ ਕਰਦਾ, ਪਰ ਉਸ ਦੇ ਹੁਕਮ ਹੇਠ ਮੈਨੂੰ ਆਉਣਾ ਪਿਆ ਤੇ ਮੈਂ ਹੁਣ ਜਗਤ ਤੇ ਆ ਕੇ ਜਿਵੇਂ ਜਿਵੇਂ ਉਸ ਅਕਾਲ ਪੁਰਖ ਨੇ ਮੈਨੂੰ ਹੁਕਮ ਦਿਤੇ ਹਨ ਓਸੇ ਤਰ੍ਹਾਂ ਕੰਮ ਕਰਾਂਗਾ, ਧਰਮ ਫੈਲਾਵਾਂਗਾ, ਅਧਰਮ ਮੇਟਾਂਗਾ, ਦੁਸ਼ਟਾਂ ਦਾ ਸਫਾਇਆ ਕਰਾਂਗਾ।

ਅਗੇ ਕੁਝ ਧਿਆਵਾਂ ਵਿਚ ਭੰਗਾਣੀ, ਨਾਦੌਣ ਤੇ ਹੁਸੈਨੀ ਆਦਿ ਦੇ ਯੁੱਧਾਂ ਦਾ ਵਰਣਨ ਹੈ ਤੇ ਇਹ ਬਿਆਨ ਇਤਨੀਆਂ ਬਾਰੀਕੀਆਂ ਵਾਲਾ ਹੈ ਕਿ ਜਿਸ ਨਾਲ ਏਹ ਵਾਪਰੇ ਓਹੋ ਹੀ ਇਤਨੇ ਬਾਰੀਕ ਵੇਰਵੇ ਲਿਖ ਸਕਦਾ ਹੈ। ਕੋਈ ਕਵੀ ਨਿਰੀਆਂ ਉਕਤੀਆਂ ਯੁਕਤੀਆਂ ਨਾਲ ਐਸੇ ਬਾਰੀਕ ਵੇਰਵੇ ਵਾਲੇ ਵਰਣਨ ਨਹੀਂ ਕਰ ਸਕਦਾ।

ਇਕ ਇਤਰਾਜ਼ ਇਹ ਹੈ ਕਿ 'ਮਹਾ ਕਾਲ ਕਾਲਕਾ ਆਰਾਧੀ' ਤੁਕ ਵਿਚ ਕਾਲਕਾ ਦੀ ਆਰਾਧਨਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪੂਜਜ ਕਿਸੇ ਜਨਮ ਵਿਚ ਵੀ ਅਸੀਂ ਕਾਲਕਾ ਨਹੀਂ ਮੰਨ ਸਕਦੇ। ਠੀਕ ਹੈ, ਇਥੇ ਕਾਲਕਾ ਦਾ ਅਰਥ ਕੋਈਦੇਵੀ, ਦੁਰਗਾ, ਕਾਲੀ ਦੇਵੀ ਆਦਿ ਨਹੀਂ ਹੈ। ਇਥੇ ਅਰਥ ਹੈ ਮਹਾਂ ਕਾਲ ਦੀ ਜੋਤਿ, ਪ੍ਰਕਾਸ਼ ਸ਼ਕਤੀ ਜੋ ਉਸ ਤੋਂ ਸੁਤੇ ਪ੍ਰਕਾਸ਼ਮਾਨ ਹੋਕੇ

---

* ਕੋਈ ਸਜਣ ਕਹਿ ਸਕਦਾ ਹੈ ਕਿ 'ਕਾਲਿਕਾ' ਨਾਮ ਤਾ ਕਾਲੀ ਯਾ ਚੰਡੀ ਦੇਵੀ ਦਾ ਹੈ। ਠੀਕ ਹੈ, ਕਾਲਕਾ ਯਾ ਕਾਲੀ ਕੋਸ਼ਾਂ ਨੇ ਚੰਡੀ ਯਾ ਦੁਰਗਾ ਦਾ ਨਾਮ ਬੀ ਲਿਖਿਆ ਹੈ। ਮਹਾਨ ਕੋਸ਼ ਨੇ ਇਕ ਅਰਥ 'ਕਾਲ ਭਗਵਾਨ ਦੀ ਓਹ ਸ਼ਕਤੀ ਜਿਸ ਨਾਲ ਓਹ ਸਾਰੇ ਸੰਸਾਰ ਨੂੰ ਲੈ ਸਕਦਾ ਹੈ' ਬੀ ਦੱਸੀ ਹੈ। ਭਾਵ ਓਹੋ ਹੀ ਹੈ ਅਕਾਲ ਪੁਰਖ ਦੀ ਜੋਤਿ। ਇਹ ਕਿਸੇ ਦੇਵੀ ਦਾ ਨਾਮ ਕਿਵੇਂ ਪਿਆ? ਓਸੇ ਤਰ੍ਹਾਂ ਜਿਸ ਤਰ੍ਹਾਂ ਸਾਡੇ ਪੂਜਨੀਕ ਸਤਿਗੁਰੂ ਸਾਹਿਬਾਨ ਦੇ ਪਵਿਤ੍ਰ ਨਾਮਾਂ ਨੂੰ ਲੈਕੇ ਸਾਡੇ ਵੀਰ ਅਜ ਕਲ ਆਪਣੇ ਨਾਮ; ਸ. ਨਾਨਕ ਸਿੰਘ, ਸ. ਅੰਗਦ ਸਿੰਘ, ਸ. ਹਰ ਗੋਬਿੰਦ ਸਿੰਘ, ਸ. ਹਰ ਕ੍ਰਿਸਨ ਸਿੰਘ, ਸ. ਗੋਬਿੰਦ ਸਿੰਘ ਆਦਿ ਰਖ ਲੈਂਦੇ ਹਨ। ਇਸੇ ਤਰ੍ਹਾਂ ਕਿਸੇ ਸਮੇਂ ਕਿਸੇ ਸ਼ਕਤੀ ਸ਼ਾਲੀ ਕਾਲੇ ਰੰਗ ਦੀ ਵੀਰ ਇਸਤ੍ਰੀ ਦਾ ਨਾਮ ਉਸਦੇ ਪ੍ਰਸ਼ੰਸਕਾਂ ਨੇ ਉਸ ਨੂੰ ਅਕਾਲ ਪੁਰਖ ਦੀ ਜੋਤਿ ਦਾ ਮਾਨ ਦਿੰਦੇ ਹੋਏ ਕਾਲਿਕਾ ਰਖ ਲਿਆ ਜਾਪਦਾ ਹੈ।



Sri Satguru Jagjit Singh Ji eLibrary NamdhariElibrary@gmail.com

ਜਗਤ ਦੇ ਕਾਰਜ ਕਰਦੀ ਹੈ, ਜਿਵੇਂ ਸੂਰਜ ਦੀ ਜੋਤਿ ਪ੍ਰਚੰਡ ਪ੍ਰਕਾਸ਼, ਗਰਮੀ ਧੁਪ, ਚੰਦ ਦੀ ਸੀਤਲ ਚਾਨਣੀ। ਇਹ ਧੁਪ ਤੇ ਚਾਨਣੀ ਵੱਖ ਵੱਖ ਹਸਤੀਆਂ ਨਹੀਂ ਪਰ ਆਪਣੇ ਧੇਯ ਵਿਚ ਪ੍ਰਵੇਸ਼ਤ ਉਸ ਤੋਂ ਖ਼ੁਦ ਬਖ਼ੁਦ ਪ੍ਰਕਾਸ਼ਤ ਹਨ। ਸੋ ਜਿਵੇਂ ਚੰਦ੍ਰਮਾਂ ਦੀ ਜੋਤਿ ਚੰਦ੍ਰਿਕਾ (ਚਾਨਣੀ) ਤਿਵੇਂ ਅਕਾਲ ਪੁਰਖ ਯਾ ਮਹਾਂ ਕਾਲ ਹੀ ਜੋਤਿ ਕਾਲਿਕਾ ਮੰਨਣੀ ਚਾਹੀਏ*। ਕਾਲਿਕਾ ਮਹਾਂ ਕਾਲ ਦੀ ਕੋਈ ਇਸਤ੍ਰੀ ਨਹੀਂ, ਕਿਉਂਕਿ ਉਸ ਦਾ ਤਾਂ ਨਾ ਪਿਉ ਹੈ ਨਾ ਮਾਂ, ਨਾ ਪੁਤ੍ਰ ਨਾ ਮਿਤ੍ਰ ਨਾ ਵਹੁਟੀ ਨਾ ਧੀ, ਯਥਾ:-

ਨ ਪੋਤ੍ਰੈ ਨ ਪੁਤ੍ਰੈ।। ਨ ਸੱਤ੍ਰੈ ਨ ਮਿਤ੍ਰੈ।
ਨਾ ਤਾਤੈ ਨ ਮਾਤੈ।। ਨ ਜਾਤੈ ਨ ਪਾਤੈ।

*(ਜਾਪ ਸਾਹਿਬ ਪਉੜੀ ੧੪੮)*

ਗੁਰੂ ਨਾਨਕ ਦੇਵ ਜੀ ਨੇ ਵੀ ਫ਼ੁਰਮਾਇਆ ਹੈ:-

"ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।"

*(ਵਾਰ ਆਸਾ ਮ: ੧)*

ਫੇਰ ਓਹ ਇਕੋ ਇਕ ਹੈ, ਕੱਲਮ ਕੱਲਾ ਹੈ, ਉਸ ਦੀ ਸ਼ਕਤੀ, ਉਸ ਦੀ ਜੋਤਿ, ਉਸ ਦਾ ਪ੍ਰਕਾਸ਼ ਉਸ ਤੋਂ ਸੁਤੇ ਪ੍ਰਕਾਸ਼ਿਤ ਹੈ। ਤੇ ਉਹ ਜੋਤਿ ਸ਼ਾਂਤਿ ਮਯ ਬੀ ਹੈ, ਤੇਜ ਪ੍ਰਚੰਡ ਵਾਲੀ ਬੀ ਹੈ ਤੇ ਨਾਲੇ ਭਯਾਨਕ ਰੂਪ ਵਾਲੀ ਬੀ। ਸਤਿਗੁਰੂ ਜੀ ਨੇ ਖਾਲਸੇ ਵਿਚ ਵੀਰਤਾ ਤੇ ਉਤਸ਼ਾਹ ਭਰਨ ਲਈ ਇਸ ਜੋਤਿ ਦਾ ਬੀਰਤਾ ਭਰਪੂਰ ਪ੍ਰਚੰਡ ਸਰੂਪ ਆਪਣੀ ਰਚਨਾਂ ਵਿਚ ਚਿੱਤ੍ਰਤ ਕੀਤਾ ਹੈ। ਇਹ ਡਰਨ ਡਰਾਉਣ ਲਈ ਨਹੀਂ ਪਰ ਸਾਹਸ ਭਰਨ ਲਈ, ਨਿਰਭੈ ਤੇ ਚੜ੍ਹਦੀਆਂ ਕਲਾਂ ਵਿਚ ਕਰਨ ਲਈ ਹੈ। ਜੈਸੇ ਕਿ ਅਕਾਲ ਉਸਤਤ ਦੇ ੨੧੧ ਛੰਦ ਤੋਂ ੨੩੦ ਛੰਦ ਤਕ ਮੂਰਤੀ ਮਾਨ ਹੋਯਾ ਹੈ। ਆਮ ਸਮਝ ਨੂੰ ਜ਼ਹਨ ਨਸ਼ੀਨ ਕਰਾਉਣ ਲਈ ਕਿ ਉਸ ਜੋਤ ਦੀ ਪ੍ਰਬਲਤਾ ਕਿਤਨੀ ਬਲਵਾਨ ਤੇ ਪ੍ਰਚੰਡ ਹੈ, ਕੁਝ ਹੋ ਬੀਤੀਆਂ ਯਾ ਮੰਨੀਆਂ ਜਾਂਦੀਆਂ ਬਲਵਾਨ ਤਾਕਤਾਂ ਦੇ ਨਾਮ ਲੈ ਕੇ ਤੇ ਉਨ੍ਹਾਂ ਦੇ ਕੌਤਕ ਬਿਆਨ ਕਰ ਕੇ ਨਮੂਨੇ ਮਾਤ੍ਰ ਦਰਸਾਇਆ ਹੈ, ਜੋ ਗਲ ਕਿ ਸ੍ਰੀ ਜੱਗੀ ਜੀ ਨੇ ਬੀ ਮੰਨੀ ਹੈ।

ਅਕਾਲ ਪੁਰਖ ਦੀ ਏਸੇ ਪ੍ਰਚੰਡ ਜੋਤਿ ਨੂੰ ਸੰਬੋਧਨ ਕਰਦਿਆਂ ਹੀ ਕਲਗੀਧਰ ਪਾਤਸ਼ਾਹ ਨੇ ਫ਼ੁਰਮਾਇਆ ਹੈ:-

ਤੈਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ ਕਰਾਇਆ।
ਤੈਥੋਂ ਹੀ ਬਲ ਰਾਮ ਲੈ ਨਾਲ ਬਾਣਾ ਦਹਿਸਿਰ ਘਾਇਆ।



Sri Satguru Jagjit Singh Ji eLibrary NamdhariElibrary@gmail.com

ਤੈਥੋਂ ਹੀ ਬਲ ਕ੍ਰਿਸ਼ਨ ਲੈ ਕੰਸ ਕੇਸੀ ਪਕੜ ਗਿਰਾਇਆ...।
ਕਿਨ੍ਹੀ ਤੇਰਾ ਅੰਤ ਨਾ ਪਾਇਆ।

ਹੁਣ ਰਹੀ ਹੇਮ ਕੁੰਟ ਦੀ ਗਲ। ਗੁਰੂ ਜੀ ਨੇ ਬਚਿਤ੍ਰ ਨਾਟਕ ਵਿਚ ਅਪਣੇ ਪਿਛਲੇ ਜੀਵਨ ਦੇ ਹਾਲਾਤ ਦੇਂਦਿਆਂ ਦੱਸਿਆ ਹੈ ਕਿ ਜਿਥੇ ਹੇਮ ਕੁੰਟ ਸਪਤ ਸ੍ਰਿੰਗ ਹੈ ਉਥੇ ਅਸਾਂ ਬੜਾ ਭਾਰੀ ਤਪ ਕੀਤਾ ਕਿ ਅਕਾਲ ਪੁਰਖ ਵਿਚ ਲੀਨ ਹੋ ਗਏ। ਇਸ ਪਰ ਕੁਝ ਇਕ ਸ਼ੰਕੇ ਸੁਣਨ ਪੜ੍ਹਨ ਵਿਚ ਆਏ ਹਨ। ਇਕ ਤਾਂ ਇਹ ਕਿ ਸਤਿਗੁਰੂ ਜੀਦੇ ਪਿਛਲੇ ਜਨਮ ਨਾਲ ਸਿਖਾਂ ਦਾ ਕੀ ਤਅੱਲਕ ਤੇ ਉਸ ਪਿਛਲੇ ਜਨਮ ਦੇ ਅਸਥਾਨ ਤੇ ਤਪੋਧਾਮ ਬਣਾ ਕੇ ਸਿਖ ਕਿਉਂ ਪੂਜਣ? ਠੀਕ ਸਾਡਾ ਸਤਿਗੁਰੂ ਜੀ ਦੇ ਪਿਛਲੇ ਜਨਮ ਨਾਲ ਕੋਈ ਸੰਬੰਧ ਨਹੀਂ, ਜਦੋਂ ਕਿ ਓਹ ਸਾਡੇ ਸਤਿਗੁਰੂ ਨਹੀਂ ਸਨ। ਪਰ ਜੋ ਬਚਿਤ੍ਰ ਨਾਟਕ ਵਿਚ ਉਹ ਫੁਰਮਾ ਰਹੇ ਹਨ ਤੇ ਜਿਸ ਵੇਲੇ ਫੁਰਮਾ ਰਹੇ ਹਨ, ਉਸ ਵੇਲੇ ਓਹ ਸਾਡੇ ਪੂਜ ਸਤਿਗੁਰੂ ਹਨ ਤੇ ਉਨ੍ਹਾਂ ਦੇ ਫੁਰਮਾਨ ਦੀ ਸਤਜਤਾ ਨੂੰ ਸਾਬਤ ਕਰਨ ਲਈ ਹੇਮ ਕੁੰਟ ਵਾਲਾ ਸਥਾਨ ਸਾਡੇ ਵਿਦਵਾਨ ਪੂਰਵਜਾਂ ਨੇ ਢੂੰਡ ਕੱਢਿਆ ਤੇ ਉਥੇ ਗੁਰਦੁਆਰਾ ਕਾਇਮ ਕਰਨ ਦਾ ਉਦਮ ਹੋ ਗਿਆ। ਜਿਥੇ ਕਿਸੇ ਬੀ ਹਸਤੀ ਨੇ ਬੈਠ ਕੇ ਮਹਾਂ ਕਾਲ ਯਾ ਅਕਾਲ ਪੁਰਖ ਦੀ ਆਰਾਧਨਾ ਕੀਤੀ ਹੋਵੇ, ਉਹ ਅਸਥਾਨ ਕਿਉਂ ਪਵਿਤ੍ਰ ਨਹੀਂ ਤੇ ਉਸਦੀ ਉਗਾਹੀ ਜਦ ਸਾਡੇ ਪੂਜਨੀਕ ਪਿਤਾ ਕਲਗੀਧਰ ਪਾਤਸ਼ਾਹ ਆਪ ਭਰਦੇ ਹੋਣ ਤਾਂ ਸਿਖਾਂ ਲਈ ਉਹ ਅਸਥਾਨ ਕਿੰਨਾ ਸਤਿਕਾਰ ਯੋਗ ਹੋ ਜਾਂਦਾ ਹੈ, ਓਥੇ ਜੇ ਗੁਰਦੁਆਰਾ ਬਣ ਜਾਏ ਤੇ ਸਿਖ ਓਥੇ ਦੀ ਯਾਤ੍ਰਾ ਕਰਨ ਤਾਂ ਉਹ ਕਿਉਂ ਮਾੜੀ ਹੈ?

ਗਿਆਨੀ ਜੀ ਕਹਿੰਦੇ ਹਨ ਕਿ 'ਇਸ ਵੇਲੇ ਅਨੇਕਾਂ ਗੁਰ ਸਿਖਾਂ ਨੇ ਭੇਡ ਚਾਲ ਵਾਂਙੂ ਵੇਖੋ ਵੇਖੀ ਹੇਮ ਕੁੰਟ ਦੀ ਯਾਤ੍ਰਾ ਤੇ ਫਿਲਮਾਂ ਰਾਹੀਂ ਪ੍ਰਚਾਰ ਆਰੰਭਿਆ ਹੈ ਜਿਸ ਦੀ ਰੋਕ ਸ਼ਰੋ: ਗੁ: ਪ੍ਰ: ਕਮੇਟੀ ਜਾਂ ਕੇਂਦਰੀ ਸਿੰਘ ਸਭਾ ਕਮੇਟੀ ਨੂੰ ਕਰਨੀ ਚਾਹੀਦੀ ਹੈ।'

ਸ੍ਰੀ ਹੇਮ ਕੁੰਟ ਮੈਨੇਜਮੈਂਟ ਟ੍ਰਸਟ ਕਾਨਪੁਰ ਪ੍ਰੇਮੀ ਦੇ ਅਣਥੱਕ ਸੇਵਾ ਕਰ ਰਹੇ ਹਨ, ਨਾ ਨਿਰਾ ਸ੍ਰੀ ਹੇਮ ਕੁੰਟ ਵਾਲੇ ਅਸਥਾਨ ਤੇ ਸ਼ਾਨਦਾਰ ਗੁਰਦੁਆਰਾ ਬਣਾ ਰਹੇ ਹਨ, ਸਗੋਂ ਰਸਤੇ ਵਿਚ ਬੀ ਉਨ੍ਹਾਂ ਨੇ ਕਈ ਥਾਂਈਂ ਗੁਰਧਾਮ ਉਸਾਰ ਕੇ ਪ੍ਰਚਾਰ ਦੇ ਕੇਂਦਰ ਕਾਇਮ ਕਰ ਦਿਤੇ ਹਨ। ਸੰਗਤਾਂ ਜਥਿਆਂ ਵਿਚ ਗੁਰਬਾਣੀ ਦੀਆਂ ਧੁਨਾਂ ਲਾਉਂਦੀਆਂ ਬੱਦਰੀ ਨਾਥ ਦੇ ਇਸ ਇਲਾਕੇ ਵਿਚ ਜਾਂਦੀਆਂ ਤੇ ਉਧਰ ਦੀ ਵਸੋਂ ਦੇ ਕੰਨਾਂ ਵਿਚ ਗੁਰਬਾਣੀ ਦੀਆਂ ਗੂੰਜਾਂ ਪਾਉਂਦੀਆਂ ਹਨ, ਗੁਰੂ ਦੇ ਲੰਗਰ ਚਲਦੇ ਤੇ ਗੁਰ ਸਿਖੀ ਦੀ ਮਹਿਮਾ ਪਸਰਦੀ ਹੈ। ਕੀ ਇਹ ਮਾੜੀ ਹੈ ਤੇਬੰਦ ਕਰਨੇ ਯੋਗ ਹੈ? ਤੇ ਸ਼ਰੋ: ਗੁ: ਪ੍ਰ: ਕਮੇਟੀ ਇਸਨੂੰ ਕਿਉਂ ਬੰਦ ਕਰੇ!



Sri Satguru Jagjit Singh Ji eLibrary NamdhariElibrary@gmail.com

ਇਕ ਇਤਰਾਜ਼ ਇਹ ਬੀ ਕੀਤਾ ਜਾਂਦਾ ਹੈ ਕਿ ਸਿਖੀ ਵਿਚ ਤਪੱਸਜਾ ਦੀ ਆਗਜਾ ਨਹੀਂ ਤੇ ਤਪ ਨੂੰ ਕੋਈ ਅਹਿਮੀਅਤ ਨਹੀਂ ਦਿਤੀ ਗਈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਤਪ ਕੀਤਾ ਹੈ ਭਾਈ ਗੁਰਦਾਸ ਜੀ ਦੱਸਦੇ ਹਨ:-

ਰੇਤ ਅੱਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ; ਵਡੈ ਭਾਗ ਹਰਿ ਸਿਉ ਬਣ ਆਈ।
ਬਾਬਾ ਪੈਧਾ ਸਚ ਖੰਡ ਨਉ ਨਿਧ ਨਾਮ ਗਰੀਬੀ ਪਾਈ।
...ਚੜਿਆ ਸੋਧਣ ਧਰਤ ਲੁਕਾਈ।
(ਵਾਰ ੧-੨੪)

ਕੀ ਇਹ ਓਸੇ ਤਰ੍ਹਾਂ ਦਾ ਨਜ਼ਾਰਾ ਨਹੀਂ ਜੋ ਬਚਿਤ੍ਰ ਨਾਟਕ ਵਿਚ ਕਲਗੀਧਰ ਪਾਤਸ਼ਾਹ ਨੇ ਆਪਣੇ ਤਪ ਤੇ ਫਿਰ ਬਖਸ਼ਿਸ਼ ਬਾਬਤ ਵਰਣਨ ਕੀਤਾ ਹੈ। ਇਹ ਠੀਕ ਹੈ ਕਿ ਗੁਰੂ ਸਾਹਿਬਾਂ ਨੇ ਸਿਖਾਂ ਨੂੰ ਤਪ ਕਰਨ ਦੇ ਰਾਹ ਨਹੀਂ ਪਾਇਆ ਸਗੋਂ ਪ੍ਰੇਮਾ-ਭਗਤੀ ਦੇ ਸੌਖੇ ਰਾਹ ਪਾ ਕੇ ਨਾਮ ਦਾ ਪੱਲਾ ਫੜਾਇਆ ਹੈ, ਕਿਉਂਕਿ ਹਰ ਕੋਈ ਤਪੱਸਜਾ ਨਹੀਂ ਕਰ ਸਕਦਾ ਤੇ ਜੇ ਹਰ ਕੋਈ ਤਪ ਕਰਨ ਲਗ ਜਾਏ ਤਾਂ ਜਗਤ ਵਿਵਹਾਰ ਕਿਵੇਂ ਟੁਰਨ। ਤੇ ਫੇਰ ਨਿਰਾ ਕਰਮ ਕਾਂਡ ਅਧੀਨ ਕਰਮਾਂ ਦੇ ਆਸਰੇ ਮੁਕਤੀ ਦੀ ਆਸ ਰਖਣੀ ਨਿਸਫਲ ਹੈ। ਪਰ ਮੁਕਤੀ ਨਾਮ ਆਰਾਧਨ ਵਿਚ ਹੈ, ਪ੍ਰੇਮਾ-ਭਗਤੀ ਵਿਚ ਹੈ। ਪੰਚਮ ਪਾਤਸ਼ਾਹ ਜੀ ਨੇ ਬੀ ਫੁਰਮਾਇਆ ਹੈ:-

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ।।

ਸ਼ਬਦ ਦੇ ਸ਼ੁਰੂ ਵਿਚ 'ਨਿਵਲ ਭੁਅੰਗਮ ਸਾਧੇ' ਬੀ ਕਿਹਾ ਹੈ, ਜੋ ਪਦ ਦੱਸਦੇ ਹਨ ਕਿ ਪੰਚਮ ਪਾਤਸ਼ਾਹ ਜੀ ਨੇ ਭੀ ਆਪ ਤਪ ਕੀਤੇ ਹਨ। ਪਰ ਸਿਖਾਂ ਲਈ ਉਪਦੇਸ਼ ਹਰੀ ਕੀਰਤਨ ਦਾ ਇਸੇ ਸ਼ਬਦ ਦੇ ਅੰਤ ਵਿਚ ਦੱਸਿਆ ਹੈ।

ਗਿਆਨੀ ਜੀ ਜ਼ਫਰ ਨਾਮੇ ਨੂੰ ਤਾਂ ਕਲਗੀਧਰ ਪਾਤਸ਼ਾਹ ਦੀ ਰਚਨਾ ਮੰਨਦੇ ਹਨ ਪਰ ਬਚਿਤ੍ਰ ਨਾਟਕ ਵਲੋਂ ਸੰਕੋਚ ਵਿਚ ਪੈ ਜਾਂਦੇ ਹਨ। ਜੇ ਕਲਗੀਧਰ ਪਾਤਸ਼ਾਹ ਵਾਹਿਦ ਮੁਤਕੱਲਮ (ਇਕ ਵਚਨ ਉੱਤਮ ਪੁਰਖ) ਵਿਚ ਜ਼ਫਰ ਨਾਮੇ ਵਿਚ ਕਹਿੰਦੇ ਹਨ-

ਮਰਾ ਐਤਬਾਰੇ ਬਰੀਂ ਕਸਮ ਨੇਸਤ।

... .... .... . . . .



Sri Satguru Jagjit Singh Ji eLibrary NamdhariElibrary@gmail.com

ਫੇਰ ਕਿਹਾ ਹੈ:–
ਬ–ਲਾਚਾਰਗੀ ਦਰਮਿਆਂ ਆਮਦਮ।
... .... .... . . . . .
ਤੇ ਇਹ ਬੀ ਕਿਹਾ ਹੈ:–
ਮਨਮ ਕੁਸ਼ਤਨਮ ਕੋਹੀਆਂ ਬੁਤ ਪਰਸਤ।
ਕਿ ਓ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਸਤ।

ਤਾਂ ਓਸੇ ਤਰ੍ਹਾਂ ਉਤਮ ਪੁਰਖ ਵਿਚ ਹੀ ਬਚਿਤ੍ਰ ਨਾਟਕ ਵਿਚ ਆਪ ਉਚਾਰ ਰਹੇ ਹਨ: 'ਅਬ ਮੈਂ ਅਪਨੀ ਕਥਾ ਬਖਾਨੋ। ਤੇ ਨੰਮ੍ਰਤਾ ਵਿਚ 'ਤਵੰ ਕੀਟ' ਬੀ ਆਪਣੇ ਆਪ ਨੂੰ ਕਹਿ ਰਹੇ ਹਨ। ਹੈਰਾਨੀ ਕਿ ਆਪ ਬਚਿਤ੍ਰ ਨਾਟਕ ਨੂੰ ਗੁਰੂ ਕ੍ਰਿਤ ਨਹੀਂ ਮੰਨਦੇ ਪਰ ਜ਼ਫਰਨਾਮੇ ਨੂੰ ਮੰਨਦੇ ਹਨ।

ਕਈ ਮੁਗ਼ਲ ਪਾਤਸ਼ਾਹਾਂ ਨੇ ਆਪਣੇ ਜੀਵਨ ਦੇ ਹਾਲਾਤ ਆਪ ਲਿਖੇ ਹਨ, ਜੈਸੇ ਕਿ ਤੁਜ਼ਕੇ ਜਹਾਂਗੀਰੀ ਹੈ। ਇਤਿਹਾਸਕਾਰ ਉਸ ਨੂੰ ਬੜੀ ਗੌਰਵਤਾ ਤੇ ਅਹਿਮੀਅਤ ਦਿੰਦੇ ਹਨ। ਪਰ ਸਾਡੇ ਕੁਝ ਵਿਦਵਾਨ ਸਤਿਗੁਰੂ ਜੀ ਦੀ ਆਪ ਲਿਖੀ ਨਿਜ ਜੀਵਨੀ ਨੂੰ ਸ੍ਵੀਕਾਰਨ ਤੋਂ ਸਿਰ ਫੇਰਦੇ ਹਨ, ਸ਼ੋਕ, ਪਰਮ ਸ਼ੋਕ।



Sri Satguru Jagjit Singh Ji eLibrary NamdhariElibrary@gmail.com

# ੪. ਆਦਿ ਅੰਤਿ ਏਕੈ ਅਵਤਾਰਾ। ਸੋਈ ਗੁਰੂ ਸਮਝੀਅਹੁ ਹਮਾਰਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ ਕੌਣ ਸੀ? ਕੀ ਕੋਈ ਦੇਵੀ ਦੇਵਤਾ ਯਾ ੨੪ ਅਵਤਾਰਾਂ ਵਿਚੋਂ ਕੋਈ ਅਵਤਾਰ? ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ , ਚੰਡੀ ਦੀ ਵਾਰ, ੨੪ ਅਵਤਾਰਾਂ ਦੀ ਕਥਾ ਆਦਿ ਵਾਰਤਾਵਾਂ ਹਨ, ਇਨ੍ਹਾਂ ਵਿਚੋਂ ਕੋਈ ਨਾ ਕੋਈ ਤਾਂ ਉਨ੍ਹਾਂ ਦਾ ਇਸ਼ਟ ਹੋਵੇਗਾ? ਨਹੀਂ! ਉਨ੍ਹਾਂ ਦਾ ਇਸ਼ਟ ਓਹੀ ਸੀ ਜਿਸ ਨੂੰ ਬਚਿਤ੍ਰ ਨਾਟਕ ਵਿਚ ਆਪ ਦੱਸ ਆਏ ਹਨ ਕਿ ਉਨ੍ਹਾਂ ਨੇ ਮੈਨੂੰ ਤਪ ਕਰਦੇ ਨੂੰ ਨਿਜ ਪੁਤ੍ਰ ਦਾ ਸਨਮਾਨ ਬਖਸ਼ਕੇ ਜਗਤ ਦੇ ਕੰਡੇ ਸਮੇਟਣ ਲਈ ਭੇਜਿਆ, ਪਰ 'ਚਿਤ ਨ ਭਯੋ ਹਮਰੋ ਆਵਨ ਕਹਿ। ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ।' ਪਰ ਉਸ ਅਕਾਲਪੁਰਖ ਨੇ ਜਿਉਂ ਤਿਉਂ ਕਰਕੇ ਮੈਨੂੰ ਸਮਝਾਯਾ ਤੇ ਸੰਤ ਉਬਾਰਨ, ਦੁਸ਼ਟ ਸੰਘਾਰਨ ਤੇ ਜਗਤ ਸੁਖਦਾਈ ਪੰਥ ਪੈਦਾ ਕਰਨ ਹਿਤ, ਜਗਤ ਤੇ ਟੋਰ ਦਿਤਾ। ਦਸਮ ਗ੍ਰੰਥ ਵਿਚ ਅਨੇਕ ਥਾਂਈਂ ਉਨ੍ਹਾਂ ਨੇ ਆਪਣੇ ਉਸ ਪੂਜਯ ਇਸ਼ਟ ਦਾ ਪਤਾ ਦਿਤਾ ਹੈ। ਚੌਪਈ ਵਿਚ ਸਾਫ ਕਹਿੰਦੇ ਹਨ: 'ਆਦਿ ਅੰਤ ਏਕੈ ਅਵਤਾਰਾ। ਸੋਈ ਗੁਰੂ ਸਮਝਿਯਹੁ ਹਮਾਰਾ।' ਪਰ ਗਿਆਨੀ ਭਾਗ ਸਿੰਘ ਜੀ ਸੰਸਾ ਕਰਦੇ ਹਨ ਕਿ ਇਹ ਚੌਪਈ ਤ੍ਰਿਯਾ ਚਰਿਤ੍ਰਾਂ ਦੇ ਅੰਤ ਆਉਂਦੀ ਹੈ ਇਸ ਲਈ ਇਹ ਗੁਰੂ ਜੀ ਕ੍ਰਿਤ ਨਹੀਂ ਤੇ ਉਹ ਇਹ ਬੀ ਇਸ਼ਾਰਾ ਸੁਟਦੇ ਹਨ ਕਿ ਰਹਿਰਾਸ ਵਿਚ ਬੀ ਇਹ ਪੜ੍ਹਨੀ ਨਹੀਂ ਚਾਹੀਦੀ। ਇਹ ਚੌਪਈ ਕਿਨ੍ਹਾਂ ਦੀ ਰਚਨਾ ਹੈ? ਇਸ ਪਰ ਅਸੀਂ ਅਗਲੇ ਲੇਖ ਵਿਚ ਆਪਣੇ ਵੀਚਾਰ ਪੇਸ਼ ਕਰਾਂਗੇ, ਹਾਲ ਦੀ ਘੜੀ ਅਸੀਂ ਗਿਆਨੀ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਬੇਨਤੀ ਕਰਾਂਗੇ ਕਿ ਉਹ ਕੁਝ ਚਿਰ ਲਈ ਇਸ 'ਕਵੀਓ ਬਾਚ ਬੇਨਤੀ ਚੌਪਈ' ਨੂੰ ਗੁਰੂ ਕ੍ਰਿਤ ਹੀ ਮੰਨ ਲੈਣ ਤੇ ਗੁਰੂ ਜੀ ਨੂੰ ਬੀ ਕਵੀ ਮੰਨ ਲੈਣ, ਕਿਉਂਕਿ ਉਹਨਾਂ ਦੀ ਅਦੁਤੀ ਕਵਿਤਾ ਮੌਜੂਦ ਹੈ। ਜੋ ਕਵਿਤਾ ਕਰ ਸਕਦਾ ਹੈ ਓਹ ਨਿਰਸੰਸੇ ਕਵੀ ਹੈ। ਗੁਰੂ ਜੀ ਤਾਂ ਕਵੀਆਂ ਦੇ ਬੀ ਸਰਤਾਜ ਮਹਾਨ ਕਵੀ ਹੈ।

'ਕਵੀ' ਯਾ 'ਸ਼ਾਇਰ' ਪਦ ਕੋਈ ਹੀਨਤਾ ਵਾਲੇ ਪਦ ਨਹੀਂ ਹਨ। ਪੂਜਨੀਕ ਗੁਰੂ ਸਾਹਿਬਾਨ ਦੇ ਅਪਣੇ ਲਈ ਇਹ ਪਦ ਵਰਤਣੇ ਨਯੂਨਤਾ ਸੂਚਕ ਗਲ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਆਪ ਆਪਣੇ ਆਪ ਨੂੰ 'ਸ਼ਾਇਰ' ਕਿਹਾ ਹੈ, ਯਥਾ:–



Sri Satguru Jagjit Singh Ji eLibrary NamdhariElibrary@gmail.com

ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥

(ਆਸਾ ਮ: ੧ ਪਟੀ।)

ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥

(ਧਨਾਸਰੀ ਮ: ੧-੨,)

ਸਿਖ ਧਰਮ ਸਰਵ ਪ੍ਰਿਯ ਧਰਮ ਹੈ, ਇਸ ਵਿਚ ਕਿਸੇ ਦੂਜੇ ਧਰਮ ਨਾਲ ਵੈਰ ਨਫਰਤ ਜਾਂ ਘ੍ਰਿਣਾ ਨਹੀਂ ਹੈ, ਕਿਸੇ ਦੂਸਰੇ ਮਤ ਦੇ ਬਜ਼ੁਰਗਾਂ, ਪੂਜਨੀਕ ਹਸਤੀਆਂ ਤੇ ਅਵਤਾਰਾਂ ਲਈ ਸਤਿਕਾਰ ਤਾਂ ਹੈ ਪਰ ਨਿੰਦਾ ਨਹੀਂ। ਭਾਈ ਗੁਰਦਾਸ ਜੀ ਨੇ ਇਸ ਖਿਆਲ ਨੂੰ ਬੜੇ ਸਪਸ਼ਟ ਲਫਜ਼ਾਂ ਵਿਚ ਬਿਆਨ ਕੀਤਾ ਹੈ:-

ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ ਤਾਂ ਕੇ ਪਗ ਓਰ ਦੇਖਿ ਦੋਖ ਨ ਬਿਚਾਰੀਐ। ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ ਕੰਟਕ ਬਿਲੋਕਿ ਨ ਔਗੁਨ ਉਰ ਧਾਰੀਐ॥ ਜੈਸੇ ਹੈ ਅੰਮ੍ਰਿਤ ਫਲ ਮਿਸ਼ਟ ਗੁਨਾਦਿ ਸ੍ਵਾਦ, ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ। ਤੈਸੇ ਗੁਨ ਗਜਾਨ ਜਾਨ ਸਭ ਹੂੰ ਸੈ ਮਾਂਗ ਲੀਜੈ ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ।੩੯੯।

ਹਾਂ, ਸੁਭ ਗੁਣ ਤੇ ਗਜਾਨ ਸਿਖਜਾ ਸਾਰਿਆਂ ਤੋਂ ਅਸੀਂ ਲੈ ਸਕਦੇ ਹਾਂ, ਕਿਸੇ ਅਵਤਾਰ ਕਿਸੇ ਦੇ ਬਜ਼ੁਰਗ ਦੀ ਨਿੰਦਾ ਨਹੀਂ ਕਰਨੀ ਪਰ ਸਭ ਨੂੰ ਸਤਿਕਾਰ ਭੇਟ ਕਰਨਾ ਹੈ। ਇਸ ਲਈ ਜੇ ਦਸਮ ਗ੍ਰੰਥ ਵਿਚ ਗੁਰੂ ਜੀ ਦੀ ਰਚਨਾਂ ਚੰਡੀ ਚਰਿਤ੍ਰ ਹੈ, ੨੪ ਅਵਤਾਰਾਂ ਦੀ ਕਥਾ ਹੈ, ਸਾਡੇ ਵਿਚ ਉਹਨਾਂ ਲਈ, ਜਿਨ੍ਹਾਂ ਦੀਆਂ ਕਥਾਵਾਂ ਹਨ, ਨਫਰਤ ਯਾ ਘ੍ਰਿਣਾ ਨਹੀਂ, ਅਸੀਂ ਉਹਨਾਂ ਦਾ ਸਤਿਕਾਰ ਕਰਨਾ ਹੈ ਤੇ ਉਹਨਾਂ ਦੇ ਕਰਤੱਵਾਂ ਵਿਚੋਂ ਗੁਣ ਤੇ ਗਜਾਨ ਗ੍ਰਹਣ ਕਰਨਾਂ ਹੈ ਜੋ ਸਾਡੇ ਸਤਿਗੁਰਾਂ ਦੇ ਦੱਸੇ ਆਸ਼ੇ ਆਦਰਸ਼ ਅਨੁਸਾਰ ਹੋਵੇ।

ਕੋਈ ਕਵੀ ਯਾ ਲੇਖਕ ਜੋ ਕੋਈ ਵਾਰਤਾ ਕਥਾ ਕਹਾਣੀ ਆਦਿ ਲਿਖਦਾ ਹੈ, ਇਹ ਜ਼ਰੂਰੀ ਨਹੀਂ ਹੁੰਦਾ ਕਿ ਉਹ ਲੇਖਕ ਯਾ ਕਵੀ ਉਸ ਵਾਰਤਾ ਵਿਚ ਦਰਸਾਈ ਇਸ਼ਟ ਭਾਵਨਾ ਦਾ ਆਪ ਬੀ ਉਪਾਸਕ ਹੋਵੇ। ਵਾਰਤਾ ਦੀ ਹੈਸੀਅਤ ਵਾਰਤਾ ਦੀ ਹੀ ਹੁੰਦੀ ਹੈ ਤੇ ਉਹ ਕਿਸੇ ਖਾਸ ਇੰਦੀਏ ਨੂੰ ਮੁੱਖ ਰਖ ਕੇ ਲਿਖੀ ਜਾਂਦੀ ਹੈ। ਪਰਮ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਗੁਰ ਪ੍ਰਤਾਪ ਸੂਰਜ ਗਰੰਥ ਦੇ ਪੰਨਾ ੪੯੯੦ ਪਰ ਦੇਵੀ ਪੂਜਾ ਸੰਬੰਧੀ ਵੀਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:-

'ਜਿਵੇਂ ਚੰਡੀ ਦੀ ਵਾਰ ਵਿਚ ਦੇਵੀ ਦੇ ਪ੍ਰਸੰਗ ਹੈਨ, ਤਿਵੇਂ ਅਵਤਾਰਾਂ ਦੇ ਸੰਚੇ ਤੇ 'ਚਰਿਤ੍ਰਾਂ' ਵਿਚ ਬੀ ਕਿਤੇ ਕਿਤੇ ਦੇਵੀ ਦੇ ਜ਼ਿਕਰ ਮਿਲਦੇ ਹਨ, ਪਰ ਇਹਨਾਂ ਵਿਚ ਬੀ 'ਦੇਵੀ ਸਤਿਗੁਰਾਂ ਨੇ ਆਪ ਪੂਜੀ ਹੈ' ਦੀ ਕੋਈ ਇਤਿਹਾਸਕ ਘਟਨਾਂ ਵਾਲੀ ਲਿਖਤ ਨਹੀਂ ਮਿਲਦੀ। ਚਰਿਤ੍ਰਾਂ ਵਿਚ ਦਿਤੀਆਂ ਕਹਾਣੀਆਂ



Sri Satguru Jagjit Singh Ji eLibrary NamdhariElibrary@gmail.com

ਵਿਚ ਜੇ ਕਿਸੇ ਨਾਯਕ–ਨਾਯਕਾ ਦੇ ਦੇਵੀ ਪੂਜਨ ਯਾ ਵਰ ਪ੍ਰਾਪਤੀ ਆਦਿ ਦਾ ਜ਼ਿਕਰ ਆਇਆ ਹੈ ਤਾਂ ਉਹ ਕਿਸੇ ਕਹਾਣੀ ਵਿਚ ਕਥੇ ਅਨਜ ਪੁਰਖਾਂ ਦੇ ਧਰਮ ਵਿਸ਼ਵਾਸ ਤੇ ਕਰਤੱਤ੍ਰ ਦਾ ਸੂਚਕ ਹੈ, ਪਰ ਗੁਰੂ ਜੀ ਦਾ ਵਿਸ਼ਵਾਸ ਯਾ ਗੁਰੂ ਜੀ ਦੇ ਨਾਲ ਵਰਤੀ ਘਟਨਾ ਦਾ ਸਬੂਤ ਨਹੀਂ ਹੈ।

ਪੰਚਮ ਪਾਤਸ਼ਾਹ ਜੀ ਨੇ ਬੀ ਮਾਰੂ ਸੋਲਹੇ ਅੰਕ ੧੧ ਵਿਚ ਪਰਮੇਸ੍ਰਰ, ਅਕਾਲ ਪੁਰਖ ਦੇ ਨਾਮ ਅਣਗਿਣਤ ਗਿਣੇ ਹਨ, ਜੋ ਹੋ ਬੀਤੇ ਅਵਤਾਰਾਂ ਆਦਿ ਦੇ ਹਨ ਯਾ ਜੋ ਅਕਾਲ ਪੁਰਖ ਦੀ ਭਗਤ ਵੱਛਲਤਾ ਤੋਂ ਉਸ ਦੇ ਕਿਰਤਮ ਨਾਮ ਪਏ ਹਨ, ਲੀਤੇ ਹਨ। ਜੈਸੇ ਮੋਹਨ, ਮਾਧਵ, ਕ੍ਰਿਸ਼ਨ, ਮੁਰਾਰੀ, ਬਾਵਨ, ਸ੍ਰੀ ਰਾਮ ਚੰਦ੍ਰ, ਬਨਵਾਰੀ, ਗੋਪੀ ਨਾਥ, ਲਖਮੀ ਨਾਰਾਇਣ, ਦਰੋਪਤੀ ਲਜਾ ਨਿਵਾਰ, ਕਮਲਾ ਕੰਤ, ਮਛ, ਕਛ, ਕੂਰਮ ਆਦਿ ਉਹੀ ਅਵਤਾਰ ਹਨ ਜੋ ਦਸਮ ਗਰੰਥ ਦੀ ੨੪ ਅਵਤਾਰਾਂ ਦੀ ਕਥਾ ਵਿਚ ਆਏ ਹਨ। ਸਭਨਾਂ ਵਿਚ ਉਹਨਾਂ ਨੇ ਅਕਾਲ ਪੁਰਖ ਨੂੰ ਦੇਖਿਆ ਹੈ; 'ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ' ਆਪ ਨੇ ਫੁਰਮਾਇਆ ਹੈ। ਫਰਕ ਹੈ ਤਾਂ ਇਹ ਕਿ ਓਹ ਸ਼ਾਂਤਿ ਮਯ ਰੰਗ ਵਿਚ ਹੈ ਪਰ ਕਲਗੀਧਰ ਪਾਤਸ਼ਾਹ ਨੇ ਇਹਨਾਂ ਕਿਰਤਮ ਨਾਮਾਂ ਦੀਆਂ ਕਥਾਵਾਂ ਪੌਰਾਣਕ ਪ੍ਰਸੰਗਾਂ ਦੇ ਆਧਾਰ ਤੇ ਦਿਤੀਆਂ ਹਨ ਐਸੇ ਰੂਪ ਵਿਚ ਕਿ ਉਹਨਾਂ ਤੋਂ ਵੀਰਤਾ ਦਾ ਗੁਣ ਅਸੀਂ ਗ੍ਰਹਣ ਕਰ ਸਕੀਏ, ਸਾਰੇ ਹਿੰਦੀ ਗ੍ਰਹਣ ਕਰ ਸਕਣ ਤੇ ਸੁਤੰਤਰ ਹੋ ਕੇ ਆਪਣੇ ਬਾਹੂ ਬਲ ਨਾਲ ਆਪਣੀ ਰਖਜਾ ਆਪ ਕਰ ਸਕਣ।

ਇਹ ਖਿਆਲ ਕਈ ਸਜਣਾਂ ਦਾ ਹੈ ਕਿ ਸਾਰਾ ਦਸਮ ਗ੍ਰੰਥ ਕਲਗੀਧਰ ਪਾਤਸ਼ਾਹ ਜੀ ਦੀ ਰਚਨਾ ਨਹੀਂ, ਪਰ ਇਹ ਮੰਨਣਾ ਪਏਗਾ ਕਿ ਜਿਹੜੀਆਂ ਬਾਣੀਆਂ ਪਰ ਉਹਨਾਂ ਨੂੰ ਸੰਸਾ ਹੈ ਕਿ ਗੁਰੂ ਜੀ ਦੀ ਰਚਨਾ ਨਹੀਂ, ਉਹਨਾਂ ਵਿਚ ਬੀ ਉਹਨਾਂ ਦੀਆਂ ਥਾਂ ਥਾਂ ਛੋਹਾਂ ਸਪਸ਼ਟ ਦਿਸਦੀਆਂ ਹਨ। ਚੌਵੀਂ ਅਵਤਾਰਾਂ ਦੀ ਕਥਾ ਦੇ ਅਸਾਂ ਇਕ ਬੀੜ ਵਿਚ ਕੁਝ ਸ਼ਿਕਸਤਾ ਲਿਖਤ ਵਿਚ ਪੱਤਰੇ ਦੇਖੇ ਸਨ ਜੋ ਮੰਨੇ ਜਾਂਦੇ ਸਨ ਕਿ ਇਹ ਦਸਮੇਸ਼ ਜੀ ਦੀ ਕਲਮੀ ਲਿਖਤ ਹੈ, ਤੇ ਜੋ ਲਿਖਤ ਉਹਨਾਂ ਦੇ ਸਹੀ ਕੀਤੇ ਹੁਕਮਨਾਮਿਆਂ ਨਾਲ ਮਿਲਦੀ ਹੈ। ਇਹਨਾਂ ਦਾ ਛੰਦ ਪ੍ਰਬੰਧ, ਸਰਲਤਾ, ਖਿਆਲਾਂ ਦਾ ਪ੍ਰਵਾਹ, ਉਡਾਰੀ, ਅਲੰਕਾਰ, ਯਮਕ ਅਨੁਪ੍ਰਾਸ ਐਸੇ ਜਾਪਦੇ ਹਨ ਜੈਸੇ ਉਹਨਾਂ ਦੀਆਂ ਮੰਨੀਆਂ ਜਾਂਦੀਆਂ ਬਾਣੀਆਂ ਵਿਚ ਹਨ, ਸੋ ਇਹ ਨਿਰਸੰਸੇ ਉਹਨਾਂ ਦੀ ਹੀ ਰਚਨਾ ਹਨ। ਇਹ ਕਥਾਵਾਂ ਉਹਨਾਂ ਨੇ ਕਿਉਂ ਲਿਖੀਆਂ? ਅਸੀਂ ਦੱਸ ਚੁਕੇ ਹਾਂ ਕਿ ਹਿੰਦੀਆਂ ਦੇ ਬਜ਼ੁਰਗਾਂ ਦੇ ਹਾਲ ਤੇ ਫਿਰ ਉਹਨਾਂ ਵਿਚ ਬੀ ਵਿਸ਼ੇਸ਼ ਕਰਕੇ ਜੰਗਾਂ ਜੁੱਧਾਂ ਦੇ ਸਮਾਚਾਰ ਓਜਮਈ ਰੰਗ ਵਿਚ ਇਸ ਲਈ ਲਿਖੇ ਕਿ ਹਿੰਦੀਆਂ ਦਾ ਮਰ ਚੁਕਿਆ ਸਾਹਸ ਸੁਰਜੀਤ ਹੋਵੇ। ਜੋ ਕ੍ਰਿਪਾਨ ਨੂੰ ਹੱਥ ਲਾਉਣੋ ਸੰਗਦੇ ਹਨ, 'ਅਹਿੰਸਾਹਿ ਪਰਮੋ ਧਰਮਾ' ਦੇ ਧਾਰਨੀਯ ਹਨ, ਓਹ ਦੇਖਣ ਕਿ ਸਾਡੇ ਬਜ਼ੁਰਗਾਂ ਨੇ ਕੈਸੇ



Sri Satguru Jagjit Singh Ji eLibrary NamdhariElibrary@gmail.com

ਬਹਾਦਰੀ ਦੇ ਜੰਗ ਕੀਤੇ ਹਨ, ਅਸੀਂ ਬੀ ਉਨ੍ਹਾਂ ਦੀ ਸੰਤਾਨ ਹਾਂ ਅਸੀਂ ਕਿਉਂ ਬਦੇਸ਼ੀਆਂ ਤੋਂ ਮਾਰ ਖਾਈਏ, ਆਪਣੀਆਂ ਧੀਆਂ ਭੈਣਾਂ ਦੀ ਪਤ ਲੁਟਵਾਈਏ, ਅਸੀਂ ਤਲਵਾਰ ਫੜੀਏ ਤੇ ਜ਼ਾਲਮ ਦੇ ਜ਼ੁਲਮ ਦਾ ਓਹ ਟਾਕਰਾ ਕਰੀਏ ਕਿ ਮੂੰਹ ਭੰਨ ਦੇਈਏ ਤੇ ਜੇ ਇਸ ਟਾਕਰੇ ਵਿਚ ਸ਼ਹੀਦੀ ਪ੍ਰਾਪਤ ਹੋਵੇ ਤਾਂ ਉਸ ਨੂੰ ਜੀ ਆਇਆਂ ਆਖੀਏ। ਇਨ੍ਹਾਂ ਪ੍ਰਸੰਗਾਂ ਵਿਚ, 'ਅਤਿ ਹੀ ਰਣ ਮੈਂ ਤਬ ਜੂਝ ਮਰੋਂ' ਦੇ ਕਈ ਥਾਂ ਆਏ ਛੰਦ, ਸਤਿਗੁਰੂ ਜੀ ਦੇ ਇਸੇ ਮਨਸ਼ਾ ਦੀ ਪ੍ਰੋੜਤਾ ਕਰਦੇ ਹਨ।

ਹਿੰਦੂ ਦੇਵੀ ਦੇਵਤਿਆਂ ਅਵਤਾਟਾਂ ਦੇ ਹਾਲਾਤ ਸਵਿਸਤਾਰ ਲਿਖ ਕੇ ਸਹੀ ਹੁੰਦਾ ਹੈ ਕਿ ਸਤਿਗੁਰੂ ਜੀ ਦੇ ਹਿਰਦੇ ਵਿਚ ਇਹ ਬੀ ਖਿਆਲ ਹੈ ਕਿ ਇਹਨਾਂ ਕਥਾਵਾਂ ਦੇ ਲਿਖਣ ਲਿਖਾਉਣ ਵਿਚ ਸ਼ਾਇਦ ਕੋਈ ਪਾਠਕ ਸੰਸੇ ਬ੍ਰਿਤੀ ਵਾਲਾ ਇਹ ਸਮਝਣ ਲਗ ਜਾਏ ਕਿ ਅਸੀਂ ਇਹਨਾਂ ਦੇ ਪੂਜਕ ਹਾਂ, ਇਹ ਸਾਡੇ ਇਸ਼ਟ ਹਨ, ਪਰ ਨਹੀਂ, ਸਾਡਾ ਇਸ਼ਟ ਇਕੋ ਅਕਾਲ ਪੁਰਖ ਹੈ, ਜਿਸ ਨੇ ਸਾਨੂੰ ਜਗਤ ਤੇ ਭੇਜਿਆ, ਸਾਡੀ ਬਾਂਹ ਫੜੀ, ਨਿਜ ਪੁੱਤ੍ਰ ਦਾ ਮਾਣ ਬਖਸ਼ਕੇ ਧਰਮ ਦੇ ਫੈਲਾਉਣ ਲਈ ਤੋਰਿਆ, ਸਾਡੀ ਤਾਂ ਸੁਰਤ ਉਹਨਾਂ ਦੇ ਚਰਨਾਂ ਵਿਚ ਹੀ ਚੁਭੀ ਹੋਈ ਹੈ, ਹੋਰ ਇਹ ਅਵਤਾਰ ਦੇਵੀ ਦੇਵਤੇ ਸਾਡਾ ਇਸ਼ਟ ਨਹੀਂ। ਸਤਿਗੁਰੂ ਜੀ ਆਪ ਕ੍ਰਿਸ਼ਨ ਅਵਤਾਰ ਦੇ ਅੰਕ ੩੩੨ ਤੋਂ ਅਗੇ ਇਸ ਭਾਵ ਨੂੰ ਬੜੀ ਚੰਗੀ ਤਰ੍ਹਾਂ ਸਪਸ਼ਟ ਕਰਦੇ ਤੇ ਸ਼ੰਕਾਵਾਦੀਆਂ ਦੇ ਸ਼ੰਕੇ ਨਵਿਰਤ ਕਰਦੇ ਹਨ:-

ਮੇ ਨ ਗਨੇਸਹਿ ਪ੍ਰਿਥਮ ਮਨਾਊਂ।।
ਕਿਸਨ ਬਿਸਨ ਕਬਹੂ ਨਹਿ ਧਿਆਊਂ।।
ਕਾਨ ਸੁਨੇ, ਪਹਿਚਾ ਨ ਤਿਨ ਸੋਂ।।
ਲਿਵ ਲਾਗੀ ਮੇਰੀ ਪਗ ਇਨ ਸੋਂ।।੪੩੩।

ਲਿਵਲਗੀ ਹੈ ਕਿਨ੍ਹਾਂ ਦੇ ਚਰਨਾਂ ਨਾਲ? ਜਿਨ੍ਹਾਂ ਬਾਰੇ ਕਹਿ ਚੁਕੇ ਹਨ- 'ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ।' ਫੇਰ ਅਗੇ ਹੋਰ ਲਿਖਦੇ ਹਨ:-

ਮਹਾਂ ਕਾਲ ਰਖਵਾਰ ਹਮਾਰੋ।।

ਮਹਾਂ ਲੋਹ! ਮੈਂ ਕਿੰਕਰ ਥਾਰੋ।।
ਅਪਨਾ ਜਾਨ ਕਰੋ ਰਖਵਾਰ।।

ਬਾਹ ਗਹੇ ਕੀ ਲਾਜ ਬਿਚਾਰ।।੪੩੪।।



Sri Satguru Jagjit Singh Ji eLibrary NamdhariElibrary@gmail.com

ਅਕਾਲ ਪੁਰਖ ਨੂੰ ਆਪ ਕਈ ਨਾਮਾਂ ਨਾਲ ਆਪਣੀ ਰਚਨਾਂ ਵਿਚ ਯਾਦ ਕਰਦੇ ਹਨ, ਜਿਹਾ ਕਿ ਮਹਾਂ ਕਾਲ, ਮਹਾਂ ਲੋਹ, ਸਰਬ ਲੋਹ ਆਦਿ। ਹਾਂ, ਕਲਗੀਧਰ ਪਾਤਸ਼ਾਹ ਦਾ ਅਕਾਲ ਪੁਰਖ ਇਸ਼ਟ ਬੀ ਸ਼ਸਤ੍ਰ ਧਾਰੀ ਹੈ ਉਸ ਦੇ ਹੱਥ ਵਿਚ ਕ੍ਰਿਪਾਨ ਹੈ ਉਹ ਸ੍ਰੀ ਅਸਪਾਨ ਹੈ, ਉਸ ਦੇ ਝੰਡੇ ਵਿਚ ਬੀ ਕ੍ਰਿਪਾਨ ਹੈ, ਓਹ ਸ੍ਰੀ ਅਸਕੇਤ ਹੈ, ਸ੍ਰੀ ਅਸਿਧੁਜ ਹੈ। ਓਸੇ ਮਹਾਂ ਕਾਲ ਯਾ ਅਕਾਲ ਪੁਰਖ, ਜਿਸ ਦੇ ਚਰਨਾਂ ਨਾਲ ਲਿਵ ਲਗ ਰਹੀ ਹੈ ਅਗੇ ਏਸੇ ਹੀ ਰਚਨਾਂ ਵਿਚ ਅਰਦਾਸ ਕਰਦੇ ਹਨ:-

ਅਪਨਾ ਜਾਨਿ ਮੁਝੈ ਪ੍ਰਤਿਪਰੀਐ।।
ਚੁਨ ਚੁਨ ਸਤ੍ਰ ਹਮਾਰੇ ਮਰੀਐ।।
ਦੇਗ ਤੇਗ ਜਗ ਮੈ ਦੋਊ ਚਲੈ।।
ਰਾਖ ਆਪ ਮੁਹਿ ਅਉਰ ਨ ਦਲੈ।।੪੩੫।।
ਤੁਮ ਮਮ ਕਰਹੁ ਸਦਾ ਪ੍ਰਤਿਪਾਰਾ।।
ਤੁਮ ਸਾਹਿਬ ਮੈ ਦਾਸ ਤਿਹਾਰਾ।।
ਜਾਨ ਆਪਨਾ ਮੁਝੈ ਨਿਵਾਜ।।
ਆਪ ਕਰੋ ਹਮਰੇ ਸਭ ਕਾਜ।।੪੩੬।।
ਤੁਮ ਹੋ ਸਭ ਰਾਜਨ ਕੇ ਰਾਜਾ।।
ਆਪੇ ਆਪ ਗਰੀਬ ਨਿਵਾਜਾ।।
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ।।
ਹਾਰ ਪਰਾ ਮੈਂ ਆਨ ਦੁਆਰ ਤੁਹਿ।।੪੩੭।।
ਅਪਨਾ ਜਾਨ ਕਰੋ ਪ੍ਰਤਿਪਾਰਾ।।
ਤੁਮ ਸਾਹਿਬ ਮੈ ਕਿੰਕਰ ਥਾਰਾ।।
ਦਾਸ ਜਾਨ ਦੈ ਹਾਥ ਉਬਾਰੋ।।
ਹਮਰੇ ਸਭ ਬੈਰੀਅਨ ਸੰਘਾਰੋ।।੪੩੮।।

*(ਕ੍ਰਿਸ਼ਨਾਵਤਾਰ)*

੪੨ ਸਾਲ ਦੇ ਸਾਰੇ ਜੀਵਨ ਵਿਚ ਸਤਿਗੁਰੂ ਜੀ ਵੈਰੀਆਂ ਦੇ ਘੇਰੇ ਵਿਚ ਘਿਰੇ ਰਹੇ, ਹਿੰਦੂ ਪਹਾੜੀ ਰਾਜੇ ਤੇ ਔਰੰਗਜ਼ੇਬੀ ਸੈਨਾ ਆਪ ਦੇ ਮਗਰ ਹੀ ਰਹੀ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ, ਮਾਤਾ ਜੀ ਸ਼ਹੀਦ ਤੇ ਇਕ ਤਰ੍ਹਾਂ ਸਰਬੰਸ ਕੁਰਬਾਨ ਕਰਨਾ ਪਿਆ, ਇਸੇ ਲਈ ਬੜੀ ਦ੍ਰਵਣਤਾ ਵਾਲੀ ਅਰਦਾਸ ਵਿਚ ਆਪ ਅਨੇਕ ਥਾਂਈਂ ਜੁੜ ਜੁੜ ਕੇ ਅਰਦਾਸਾਂ ਕਰਦੇ ਹਨ ਤੇ ਓਸੇ ਅਕਾਲ ਪੁਰਖ ਤੋਂ ਹੀ ਸਹਾਇਤਾ ਮੰਗਦੇ ਹਨ, ਕਿਸੇ ਹੋਰ ਦੇਵੀ ਦੇਵਤੇ ਤੋਂ ਨਹੀਂ।



Sri Satguru Jagjit Singh Ji eLibrary NamdhariElibrary@gmail.com

ਫੇਰ ਰਾਮਾਵਤਾਰ ਦੇ ਅੰਤ ਵਿਚ ਬੀ ਆਪ ਇਸੇ ਗੱਲ ਨੂੰ ਸਪਸ਼ਟ ਕਰਦੇ ਹਨ ਤਾ ਕਿ ਪਾਠਕ ਨੂੰ ਆਪ ਦੇ ਇਸ਼ਟ ਦੇਵ ਬਾਰੇ ਕੋਈ ਭੁਲੇਖਾ ਨਾ ਰਹਿ ਜਾਏ। ਓਥੇ ਬੀ ਆਪ ਕਿਸੇ ਹੋਰ ਦੇਵੀ ਦੇਵਤਾ, ਰਾਮ ਰਹੀਮ, ਪੁਰਾਨ ਕੁਰਾਨ ਨੂੰ ਆਪਣਾ ਇਸ਼ਟ ਨਹੀਂ ਮੰਨਦੇ, ਕੇਵਲ ਸ੍ਰੀ ਅਕਾਲ ਪੁਰਖ, ਜਿਸਨੂੰ ਸ੍ਰੀ ਅਸਪਾਨ ਦੇ ਨਾਮ ਨਾਲ ਓਥੇ ਯਾਦ ਕਰਦੇ ਹਨ ਓਸੇ ਦੀ ਕ੍ਰਿਪਾ ਆਪਣੇ ਉਪਰ ਸ੍ਵੀਕਾਰ ਕਰਦੇ ਹਨ– ਲਿਖਦੇ ਹਨ:–

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ।
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਜੋ।

ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰ ਮੈ ਨ ਕਹਜੋ ਸਭ ਤੋਹਿ ਬਖਾਨਜੋ।ਦੋਹਰਾ।।

ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ।
ਬਾਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।।੮੬੪।।

ਇਥੇ ਸਾਫ ਦੱਸ ਰਹੇ ਹਨ ਕਿ ਹੇ ਅਕਾਲ ਪੁਰਖ! ਜਦ ਤੋਂ ਮੈਂ ਤੇਰੇ ਚਰਨ ਫੜੇ ਹਨ, ਹੋਰ ਕਿਸੇ ਨੂੰ ਇਸ਼ਟ ਕਰਕੇ ਮੈਂ ਨਜ਼ਰ ਹੇਠ ਨਹੀਂ ਲਿਆਂਦਾ, ਸਾਰੇ ਦੁਆਰੇ ਛੱਡ ਕੇ ਤੇਰਾ ਦਰ ਹੀ ਫੜਿਆ ਹੈ ਤੇ ਬਾਂਹ ਫੜੀ ਦੀ ਲਾਜ ਤੁਸਾਂ ਨੇ ਹੀ ਨਿਬਾਹੁਣੀ ਹੈ।

੫੨ ਕਵੀਆਂ ਵਿਚੋਂ ਕਈਆਂ ਨੇ ਮਹਾਂ ਭਾਰਤ ਦਾ ਇਕ ਇਕ ਪਰਬ ਕਵਿਤਾ ਵਿਚ ਅਨੁਵਾਦ ਕੀਤਾ। ਗੁਰ ਪ੍ਰਤਾਪ ਸੂਰਜ ਗ੍ਰੰਥ ਨੇ ਉਹਨਾਂ ਦੇ ਕੁਝ ਨਾਮ ਪਤੇ ਦਿਤੇ ਹਨ, ਪਰ ਓਹ ਰਚਨਾਵਾਂ ਦਸਮ ਗ੍ਰੰਥ ਵਿਚ ਸ਼ਾਮਲ ਨਹੀਂ। ਉਹਨਾਂ ਵਿਚ ਅਨੁਵਾਦਕ ਕਵੀਆਂ ਨੇ ਆਪ ਜ਼ਿਕਰ ਕੀਤਾ ਹੈ ਕਿ ਇਹ ਪਰਬ ਗੁਰੂ ਗੋਬਿੰਦ ਸਿੰਘ ਜੀ ਦੇ ਰਾਜ ਵਿਚ ਮੈਂ ਭਾਸ਼ਾ ਵਿਚ ਅਨੁਵਾਦ ਕੀਤਾ ਤੇ ਗੁਰੂ ਜੀ ਨੇ ਇਤਨੇ ਹਜ਼ਾਰ ਰੁਪੱਯਾ ਬਖਸ਼ਿਆ। ਓਹਨਾਂ ੫੨ ਕਵੀਆਂ ਦੇ ਕੀਤੇ ਕੁਝ ਭਾਸ਼ਾ ਅਨੁਵਾਦ ਮਹਾਰਾਜਾ ਪਟਿਆਲਾ ਦੀ ਨਿਜੀ ਮੋਤੀ ਬਾਗ ਲਾਇਬਰੇਰੀ ਵਿਚ ਮੌਜੂਦ ਸੁਣੀਦੇ ਹਨ। ਪਰ ਦਸਮ ਗ੍ਰੰਥ ਵਿਚ ਆਈਆਂ ਬਾਣੀਆਂ ਵਿਚ ਕਿਤੇ ਐਸਾ ਜ਼ਿਕਰ ਨਹੀਂ ਜਿਥੇ ਉਸਦੇ ਰਚਨਹਾਰ ਨੇ ਇਹ ਜ਼ਿਕਰ ਕੀਤਾ ਹੋਵੇ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਰਾਜ ਵਿਚ ਭਾਸ਼ਾ ਅਨੁਵਾਦ ਕੀਤਾ ਤੇ ਉਹਨਾਂ ਤੋਂ ਇਤਨੇ ਹਜ਼ਾਰ ਰੁਪੱਯਾ ਸੇਵਾ ਫਲ ਪ੍ਰਾਪਤ ਕੀਤਾ। ਸੂਰਜ ਪ੍ਰਕਾਸ਼ ਨੇ ਤਾਂ ਇਹ ਬੀ ਲਿਖਿਆ ਹੈ ਕਿ ਕਵੀਆਂ ਨੇ ਜੋ ਭਾਸ਼ਾ ਅਨੁਵਾਦ ਕੀਤੇ ਉਹਨਾਂ ਦਾ ਭਾਰ ਨੌਂ ਮਣ ਹੋ ਗਿਆ ਸੀ, 'ਵਿਦਜਾ ਸਰ' ਉਸ ਗ੍ਰੰਥ ਦਾ ਨਾਮ ਰਖਿਆ



Sri Satguru Jagjit Singh Ji eLibrary NamdhariElibrary@gmail.com

ਸੀ ਪਰ ਓਹ ਆਨੰਦਪੁਰ ਦੀ ਲੁਟ ਵਿਚ ਤਬਾਹ ਹੋ ਗਿਆ। ਪਰ ਜਾਪਦਾ ਹੈ ਗੁਰੂ ਸਾਹਿਬਾਂ ਦੀ ਰਚਨਾ ਨੂੰ ਬਚਾਉਣ ਦਾ ਉਦਮ ਸਿਖਾਂ ਨੇ ਕੀਤਾ ਹੈ। ਕੋਈ ਰਚਨਾ ਕਿਤੇ ਚਲੀ ਗਈ ਤੇ ਕੋਈ ਕਿਤੇ। ਭਾਈ ਮਨੀ ਸਿੰਘ ਜੀ, ਜੋ ਗੁਰੂ ਕੇ ਹਜ਼ੂਰੀ ਸਿੰਘ ਸਨ, ਤੇ ਜਾਣਦੇ ਸਨ ਕਿ ਕਿਹੜੀ ਕਿਹੜੀ ਰਚਨਾ ਗੁਰੂ ਜੀ ਦੀ ਆਪਣੀ ਹੈ ਉਸ ਦੀ ਤਲਾਸ਼ ਜਾਰੀ ਰਖੀ ਤੇ ਜੋ ਕੁਝ ਲੱਭ ਸਕਿਆ ਦਸਮ ਗ੍ਰੰਥ ਦੇ ਰੂਪ ਵਿਚ ਇਕੱਤ੍ਰ ਕਰ ਦਿਤਾ।

ਹਾਂ, ਦਸਮ ਗ੍ਰੰਥ ਦੀਆਂ ਸਮਗ੍ਰ ਰਚਨਾਵਾਂ ਵਿਚੋਂ ਸਹੀ ਇਹੋ ਹੀ ਹੁੰਦਾ ਹੈ ਕਿ ਗੁਰੂ ਜੀ ਕੇਵਲ ਇਕ ਅਕਾਲ ਪੁਰਖ ਦੇ ਉਪਾਸਕ ਸਨ, ਜੋ ਰਚਨਾਵਾਂ ਉਹਨਾਂ ਨੇ ਹੋਰ ਰਚੀਆਂ ਓਹ ਕਿਸੇ ਖਾਸ ਇੰਦੀਏ ਨੂੰ ਮੁੱਖ ਰਖਕੇ ਰਚੀਆਂ, ਜਿਸ ਪਰ ਅਸੀਂ ਇਸ ਤੋਂ ਪਹਿਲੇ ਲੇਖਾਂ ਵਿਚ ਰੌਸ਼ਨੀ ਪਾ ਆਏ ਹਾਂ। ਚੰਡੀ ਦੇਵੀ ਯਾ ਕੋਈ ਅਵਤਾਰ ਉਹਨਾਂ ਦੇ ਇਸ਼ਟ ਨਹੀਂ ਸਨ; ਇਸ਼ਟ ਸੀ

'ਆਦਿ ਅੰਤਿ ਏਕੈ ਅਵਤਾਰਾ।
ਸੋਈ ਗੁਰੂ ਸਮਝੀਅਹੁ ਹਮਾਰਾ।।

ਫੇਰ ਹਜ਼ਾਰੇ ਦੇ ਸਬਦਾਂ ਵਿਚ ਬੀ ਆਪ ਨੇ ਫੁਰਮਾਇਆ ਹੈ:–

ਬਿਨ ਕਰਤਾਰ ਨ ਕਿਰਤਮ ਮਾਨੋ।।
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ।



Sri Satguru Jagjit Singh Ji eLibrary NamdhariElibrary@gmail.com

# ੫. ਕੁਬੁਧਿ ਕਰਨ ਤੈ ਲੋਕ ਹਟਾਇ

ਬਚਿਤ੍ਰ ਨਾਟਕ, ਜੋ ਕਲਗੀਧਰ ਪਾਤਸ਼ਾਹ ਜੀ ਦੀ ਸ੍ਵੈ ਲਿਖਤ ਨਿਜ ਜੀਵਨੀ ਹੈ, ਉਸ ਵਿਚ ਓਹ ਦੱਸਦੇ ਹਨ ਕਿ ਅਕਾਲ ਪੁਰਖ ਨੇ ਜਦ ਸਾਨੂੰ ਜਗਤ ਤੇ ਭੇਜਿਆ ਤਾਂ ਸਾਡੇ ਜ਼ੁੰਮੇ ਇਹ ਕੰਮ ਲਾਏ। ਉਹਨਾਂ ਦੇ ਆਪਣੇ ਵਾਕ ਹਨ:–

ਤਪ ਸਾਧਤ ਹਰਿ ਮੋਹਿ ਬੁਲਾਯੋ।।
ਇਮ ਕਹਿਕੈ ਇਹ ਲੋਕ ਪਠਾਯੋ।।
ਅਕਾਲ ਪੁਰਖ ਬਾਚ।।ਚੌਪਈ।।
ਮੈਂ ਅਪਨਾ ਸੁਤ ਤੋਹਿ ਨਿਵਾਜਾ।।
ਪੰਥ ਪ੍ਰਚੁਰ ਕਰਿਬੇ ਕਹੁ ਸਾਜਾ।।
ਜਾਹਿ ਤਹਾ ਤੈ ਧਰਮ ਚਲਾਇ।।
ਕਬੁਧਿ ਕਰਨ ਤੈ ਲੋਕ ਹਟਾਇ।।੨੯।।
... ... ... . . .
ਹਮ ਇਹ ਕਾਜ ਜਗਤ ਮੋ ਆਏ।।
ਧਰਮ ਹੇਤ ਗੁਰੁਦੇਵ ਪਠਾਏ।।
ਜਾਹ ਤਹਾਂ ਤੁਮ ਧਰਮ ਬਿਥਾਰੋ।।
ਦੁਸਟ ਦੋਖੀਅਨ ਪਕਰਿ ਪਛਾਰੋ।।੪੨।।
ਯਾਹੀ ਕਾਜ ਧਰਾ ਹਮ ਜਨਮੰ।।
ਸਮਝ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ, ਸੰਤ ਉਬਾਰਨ।।
ਦੁਸਟ ਸਭਨ ਕੋ ਮੂਲ ਉਪਾਰਨ।।੪੩।।

ਇਹਨਾਂ ਅਖਰਾਂ ਤੋਂ ਪਤਾ ਚਲਦਾ ਹੈ ਕਿ ਆਪ ਜੀ ਦੇ ਸਪੁਰਦ ਚਾਰ ਕੰਮ ਹੋਏ ਸਨ:–

੧. ਧਰਮ ਚਲਾਵਨ।
੨. ਪੰਥ ਪ੍ਰਚੁਰ ਕਰਨ।
੩. ਸੰਤ ਉਬਾਰਨ ਦੁਸ਼ਟ ਸੰਘਾਰਨ।
੪. ਕਬੁਧਿ ਕਰਨ ਤੇ ਲੋਕ ਹਟਾਵਨ।



Sri Satguru Jagjit Singh Ji eLibrary NamdhariElibrary@gmail.com

ਪਹਿਲਾ ਧਰਮ ਚਲਾਵਨ ਦਾ ਕਾਰਜ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲ ਰਿਹਾ ਸੀ ਤੇ ਸਾਰੇ ਗੁਰੂ ਸਾਹਿਬਾਂ ਨੇ ਦੇਵੀ ਦੇਵਤਿਆਂ ਤੇ ਪੱਥਰਾਂ ਬੁੱਤਾਂ ਆਦਿ ਦੀ ਪੂਜਾ ਤੋਂ ਜਨਤਾ ਨੂੰ ਛੁੱਡਾ ਕੇ ਅਕਾਲ ਪੁਰਖ ਦੇ ਨਾਲ ਉਸ ਦੇ ਨਾਮ ਦੁਆਰਾ ਜੋੜਿਆ ਤੇ ਭਗਤੀ ਮਾਰਗ ਤੇ ਤੋਰਿਆ। ਕਲਗੀਧਰ ਪਾਤਸ਼ਾਹ ਜੀ ਨੇ ਵੀ ਇਹੋ ਕੁਝ ਕੀਤਾ। ਬਚਿਤ੍ਰ ਨਾਟਕ ਦੇ ਸ਼ੁਰੂ ਵਿਚ ਸਾਰੇ ਐਸੇ ਪੂਜਾ ਦੇ ਕਾਰਜਾਂ ਨੂੰ ਨਿਖੇਧਿਆ ਤੇ ਇਕ ਅਕਾਲ ਨਾਲ ਨਾਮ ਪ੍ਰੇਮ ਦੁਆਰਾ ਜੋੜਿਆ ਹੈ। 'ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।' ਇਹ ਡੰਕੇ ਦੀ ਚੋਟ ਕਿਹਾ।

ਦੂਜੇ ਤੇ ਤੀਜੇ ਕਾਰਜ ਦੀ ਬਜਾ ਆਵਰੀ ਵਿਚ ਆਪ ਇਸ ਉਦਮ ਵਿਚ ਜੁੱਟੇ ਰਹੇ ਕਿ ਭਾਰਤੀ ਜਨਤਾ ਦਾ ਸਾਹਸ ਤੇ ਅਣਖ ਸੁਰਜੀਤ ਹੋਵੇ। ਇਸੇ ਲਈ ਉਹਨਾਂ ਨੇ ਪਹਿਲੇ ਪਹਾੜੀ ਰਾਜਿਆਂ ਨੂੰ ਮਿਲਕੇ ਪ੍ਰੇਰਨਾ ਕੀਤੀ ਕਿ ਸਾਹਸ ਧਾਰੋ ਅਸੀਂ ਸਰਬ ਸੁਖਦਾਈ ਸੰਤ ਉਬਾਰੂ ਤੇ ਦੁਸ਼ਟ ਸੰਘਾਰੂ ਪੰਥ ਟੋਰਨਾ ਚਾਹੁੰਦੇ ਹਾਂ ਆਓ ਤੁਸੀਂ ਸ਼ਾਮਲ ਹੋ ਕੇ ਮੋਢੀ ਬਣੋ, ਪਰ ਓਹ ਮੁਗਲ ਰਾਜ ਤੋਂ ਡਰਦੇ ਨਾਂਹ ਕਰ ਗਏ। ਫੇਰ ਧਰਮ ਵਿਚ ਮੰਨੇ ਜਾਂਦੇ ਮੁਖੀ ਬ੍ਰਾਹਮਣਾਂ ਦੀ ਪ੍ਰੀਖਯਾ ਕੀਤੀ ਪਰ ਓਹ ਬੀ ਆਪਣੇ ਆਦਰਸ਼ ਤੇ ਕਾਇਮ ਨਾ ਪਾਏ। ਏਸੇ ਤਰ੍ਹਾਂ ਕਈਆਂ ਹੋਰਨਾਂ ਸੰਤਾਂ, ਮਸੰਦਾਂ ਆਦਿ ਦੇ ਪਰਤਾਵੇ ਲਏ ਪਰ ਅੰਤ ਸਹੀ ਕੀਤਾ ਕਿ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰ ਨਾਨਕ ਘਰ ਦੇ ਸਿਖਾਂ ਵਿਚੋਂ ਹੀ ਚੁਣਕੇ ਪੰਥ ਪੈਦਾ ਕੀਤਾ ਜਾਏ ਤੇ ਓਹ ਆਗੂ ਕੀਤੇ ਜਾਣ। ਸੋ ਸ੍ਰੀ ਕੇਸਗੜ੍ਹ ਸਾਹਿਬ ਤਲਵਾਰ ਦੀ ਧਾਰ ਤੇ ਪਰਖ ਕੇ, ਹਾਂ, ਵੀਰਤਾ ਦੇ ਰੰਗ ਵਿਚ ਰੰਗ ਕੇ, ਪੰਜ ਸਿਰ ਵਾਰੂ ਸੂਰਮੇ ਚੁਣੇ ਤੇ ਉਹਨਾਂ ਨੂੰ, ਭਾਵੇਂ ਓਹ ਕਈ ਉਚੀਆਂ ਨੀਵੀਆਂ ਜਾਤੀਆਂ ਵਿਚੋਂ ਸਨ, ਇਕੋ ਬਾਟੇ ਅੰਮ੍ਰਿਤ ਛੱਕਾ, ਪਿਛਲੀਆਂ ਜਾਤੀਆਂ ਮੇਟਕੇ ਉੱਚ ਪੱਧਰ ਤੇ ਖਾਲਸਾ ਸ਼ਸਤ੍ਰਧਾਰੀ ਪੈਦਾ ਕਰ ਦਿਤਾ। ਏਨ੍ਹਾਂ ਨੂੰ ਇਤਨਾ ਉਚਿਆਇਆ ਕਿ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਇਹਨਾਂ ਦੇ ਨਾਮਾਂ ਦੇ ਨਾਲ ਰਾਮ, ਚੰਦ, ਲਾਲ, ਨਾਥ ਆਦਿ ਕੋਈ ਪਦ ਨਹੀਂ ਜੋੜਿਆ ਸਗੋਂ 'ਸਿੰਘ' ਪਦ ਜੋੜਿਆ, ਕਿਉਂਕਿ ਉਹਨਾਂ ਨੂੰ ਗਿਦੜਾਂ ਤੋਂ ਸ਼ੇਰ ਬਣਾ ਦਿਤਾ ਗਿਆ ਸੀ। ਭਗਉਤੀ ਉਹਨਾਂ ਦੇ ਗਲੇ ਸਜਾ ਦਿਤੀ ਗਈ ਸੀ ਤਾ ਕਿ ਓਹ ਹਰ ਵੇਲੇ ਇਸੇ ਮਾਣ ਵਿਚ ਰਹਿਣ ਕਿ ਓਹ ਸ਼ੇਰ ਹਨ ਤੇ ਸ਼ੇਰ ਦਾ ਕਰਤੱਵ ਦੁਸ਼ਟ ਸੰਘਾਰਨ ਉਹਨਾਂ ਦੇ ਜ਼ੁੰਮੇ ਲਾਇਆ ਗਿਆ ਹੈ, ਜੋ ਸਚੀ ਹਕੀਕਤ ਬਣਕੇ ਰਹਿ ਗਿਆ। ਖਾਲਸੇ ਨੇ ਸਚਮੁੱਚ ਸ਼ੇਰ ਹੋ ਕੇ ਦਿਖਾਇਆ, ਦੁਸ਼ਟਾਂ ਦਾ ਨਾਸ਼ ਤੇ ਸੰਤਾਂ ਮਜ਼ਲੂਮਾਂ ਦੀ ਰਖ੍ਯਾ ਕੀਤੀ। ਵਰਤਮਾਨ ਸਮੇਂ ਤਕ ਦੇ ਜੰਗਾਂ ਜੁੱਧਾਂ ਵਿਚ ਖਾਲਸੇ ਨੇ ਜੋ ਸ਼ਸਤ੍ਰ ਵਾਹੇ, ਬਹਾਦਰੀਆਂ ਦਿਖਾਈਆਂ



Sri Satguru Jagjit Singh Ji eLibrary NamdhariElibrary@gmail.com

ਦੁਸ਼ਮਨ ਦੇ ਬੁਥਾੜ ਭੰਨੇ, ਉਹ ਸੁਨਹਿਰੀ ਇਤਿਹਾਸ ਦਮਕ ਰਿਹਾ ਹੈ। ਇਹ ਅਸੀਂ ਹੀ ਨਹੀਂ ਕਹਿ ਰਹੇ ਖਾਲਸੇ ਨਾਲ ਜੰਗ ਕਰਨ ਵਾਲੇ ਸ਼ਤਰੂ ਬੀ ਇਸ ਦੀ ਸਾਖ ਭਰ ਰਹੇ ਹਨ।

ਅਹਿਮਦ ਸ਼ਾਹ ਦੁਰਾਨੀ ਦੇ ਸੱਤਵੇਂ ਹਮਲੇ ਵਿਚ ਕਾਜ਼ੀ ਨੂਰ ਮੁਹੰਮਦ ਬਲੋਚ ਨਾਲ ਆਇਆ ਤੇ ਉਸਨੇ ਖਾਲਸੇ ਦਾ ਜੰਗ ਅਬਦਾਲੀ ਦੀ ਸੈਨਾ ਨਾਲ ਅਖੀਂ ਦੇਖਿਆ ਤੇ ਉਸਨੇ ਫਾਰਸੀ ਵਿਚ ਜੰਗ ਨਾਮਾ* ਲਿਖਿਆ, ਭਾਵੇਂ ਉਹ ਤਅੱਸਬੀ ਕਾਜ਼ੀ ਆਪਣੇ ਇਸ ਜੰਗ ਨਾਮੇ ਵਿਚ ਸਿਖਾਂ ਨੂੰ ਗਾਲੀਆਂ ਦੇਂਦਾ, ਸਿਖਾਂ ਨੂੰ ਸਗ (ਕੁੱਤੇ) ਲਿਖਦਾ ਹੈ ਪਰ ਫਿਰ ਆਪ ਹੀ ਕਹਿੰਦਾ ਹੈ:–

'ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ, ਬਮੈਦਾਨੇ ਮਰਦਾਂ ਚੂੰ ਸ਼ੇਰਾਂ ਦਲੇਰ।' ਸਿਖਾਂ ਨੂੰ ਸਗ (ਕੁੱਤੇ) ਤੂੰ ਨਾ ਆਖ, ਏਹ ਸ਼ੇਰ ਹਨ, ਰਣ ਭੂਮੀ ਦੇ ਮਰਦ ਸ਼ੇਰਾਂ ਵਰਗੇ ਦਲੇਰ। ਅਗੇ ਇਹਨਾਂ ਦੀ ਬਹਾਦਰੀ ਤੇ ਜੰਗੀ ਹੁਨਰ ਦੀ ਮਹਾਰਤ ਬਾਰੇ ਅੱਖੀਂ ਦੇਖਕੇ ਲਿਖਦਾ ਹੈ:–

ਅਗਰ ਕਸਬੇ ਜੰਗਤ ਬਵਦ ਆਰਜ਼ੂ,
ਬਿਆ ਓ ਬਮੈਦਾਨੇ ਏਸ਼ਾਂ ਬਿਰੌ।
ਕਿ ਜੰਗਤ ਨਿਸ਼ਾਂ ਮੇ ਦਿਹੰਦ ਆਂਚੁਨਾਂ,
ਕਿ ਗੋਯੰਦ ਅਹਿਸਨਤ ਆਂ ਹਮਗਿਨਾਂ।
ਫੰਨੇ ਜੰਗ ਗਰ ਖ੍ਵਾਹੀ ਆਮੋਖ਼ਤਨ,
ਅਜ਼ੇਸ਼ਾਂ ਬਿਆਮੋਜ਼ ਐ ਤੇਗ਼ ਜ਼ਨ।
ਕਿ ਦਰ ਪੇਸ਼ੇ ਦੁਸ਼ਮਨ ਸ਼ੁਦਨ ਮਰਦਵਾਰ,
ਸਲਾਮਤ ਬਦਰ ਰਫਤਨ ਅਜ਼ ਕਾਰਜ਼ਾਰ।

ਜੇ ਤੈਨੂੰ ਜੰਗ ਦਾ ਕਸਬ ਸਿੱਖਣ ਦੀ ਖਾਹਸ਼ ਹੈ ਤਾਂ ਆ ਤੇ ਰਣ–ਭੂਮੀ ਵਿਚ ਇਹਨਾਂ ਦੇ ਸਾਹਮਣੇ ਜਾਹ; ਤੈਨੂੰ ਜੰਗ ਦਾ ਓਹ ਰੰਗ ਵਿਖਾਉਣਗੇ ਕਿ ਸਾਰੇ ਵਾਹ ਵਾਹ ਕਰ ਉਠਣਗੇ, ਹਾਂ ਜੰਗ ਦਾ ਹੁਨਰ ਜੇ ਤੂੰ ਸਿਖਣਾ ਚਾਹੁੰਦਾ ਹੈ ਤਾਂ ਐ ਸੂਰਮੇ ਤੂੰ ਇਹਨਾਂ ਤੋਂ ਸਿਖ, ਤੈਨੂੰ ਦੱਸਣਗੇ ਕਿ ਦੁਸ਼ਮਣ ਦੇ ਸਾਹਮਣੇ ਤਾਂ ਮਰਦਾਂ ਹਾਰ ਕਿਵੇਂ ਡਟਣਾਂ ਹੈ ਤੇ ਫੇਰ ਜੰਗ ਕਰਦੇ ਕਿਵੇਂ ਬਚਕੇ ਰਣਭੂਮੀ ਵਿਚੋਂ ਸਲਾਮਤ ਨਿਕਲ ਜਾਣਾ ਹੈ।

ਇਹ ਹੈ ਕਲਗੀਧਰ ਪਾਤਸ਼ਾਹ ਜੀ ਦੇ ਸ੍ਰੀ ਅਕਾਲ ਪੁਰਖ ਵਲੋਂ ਆਪਣੇ ਜ਼ੁੰਮੇਂ ਲਏ ਦੋ ਕੰਮਾਂ ਦੀ ਪ੍ਰਸੰਸਾ ਯੋਗ ਬਜਾ ਆਵਰੀ। ਤੇ ਇਹ ਗੱਲ ਦੱਸਦੀ ਹੈ ਦਸਮ ਗ੍ਰੰਥ ਦੀ ਬਾਣੀ, ਜਿਸ ਨੂੰ ਗਿਆਨੀ ਭਾਗ ਸਿੰਘ ਜੀ ਨਿੰਦਦੇ ਹਨ।

---

* ਇਹ ਜੰਗਨਾਮਾ ਡਾ: ਗੰਡਾ ਸਿੰਘ ਜੀ ਦੀ ਸੰਪਾਦਨਾ ਹੇਠ ਖਾਲਸਾ ਕਾਲਜ ਅੰਮ੍ਰਿਤਸਰ ਤੋਂ ੧੯੩੯ ਵਿਚ ਛਪ ਚੁੱਕਾ ਹੈ।



Sri Satguru Jagjit Singh Ji eLibrary NamdhariElibrary@gmail.com

ਚੌਥਾ ਕਾਰਜ ਹੈਸੀ 'ਕੁਬੁਧਿ ਕਰਨ ਤੈ ਲੋਕ ਹਟਾਵਨ'। ਇਹ ਆਮ ਜਨਤਾ ਵਿਚੋਂ ਕੁਬੁਧੀ, ਖੋਟੀ ਬੁਧੀ, ਭੈੜੀਆਂ ਵਹਿਬਤਾਂ, ਮਾੜੇ ਆਚਰਣ ਦੇ ਰੋਕਣ ਦਾ ਕਾਰਜ ਸੀ। ਹਿੰਦੀ ਨਰ ਨਾਰੀਆਂ ਦਾ ਆਚਰਣ ਭੈੜੀ ਹੱਦ ਤੱਕ ਗਿਰ ਚੁਕਾ ਸੀ, ਇਹ ਬੀ ਉਹਨਾਂ ਦੇ ਸਨਮੁਖ ਨਿਸ਼ਾਨਾਂ ਸੀ ਹਿੰਦੀ ਜਨਤਾ ਦੇ ਆਚਰਨ ਸੁਧਾਰਨ ਦਾ; ਜੋ ਜਨਤਾ ਕਿ ਅਸ਼ਲੀਲ ਪੌਰਾਣਕ ਕਥਾਵਾਂ ਦੀ ਸ਼ਰੋਤਾ ਤੇ ਜ਼ੋਰ ਜ਼ੁਲਮ ਅਧੀਨ ਮਾਰਾਂ ਖਾ ਖਾ ਆਪਣੀ ਅਣਖ ਇੱਜ਼ਤ ਤੇ ਸਾਹਸ ਦੇ ਨਾਲ ਆਪਣਾ ਆਚਰਨ ਬੀ ਗੰਵਾ ਬੈਠੀ ਸੀ। ਜਿਥੇ ਜ਼ੋਰਾਵਰ ਨਰ ਸੁੰਦਰੀਆਂ ਨੂੰ ਖੋਹ ਖੜਦੇ ਤੇ ਵਿਭਚਾਰੀ ਹੋ ਰਹੇ ਸਨ ਓਥੇ ਕਾਮ ਤਪਤ ਸਬਲ ਇਸਤ੍ਰੀਆਂ ਬੀ ਚੰਗੇ ਪਵਿਤ੍ਰ ਜੀਵਨ ਵਾਲਿਆਂ ਨੂੰ ਘੇਰ ਕੇ ਉਹਨਾਂ ਦੇ ਆਚਰਣ ਡੇਗ ਦਿੰਦੀਆਂ ਸਨ। ਤ੍ਰਿਯਾ ਚਰਿਤ੍ਰ ਰਚਨਾ ਐਸੀ ਹੈ ਜੋ ਦੱਸਦੀ ਹੈ ਕਿ ਕਿਸ ਤਰ੍ਹਾਂ ਦੇ ਮਨੁਖੀ ਆਚਰਣ ਤੇ ਹਮਲੇ ਨਰ ਨਾਰੀਆਂ ਦੇ ਆਚਰਣ ਨੂੰ ਦੁਪਾਸਿਓਂ ਤਬਾਹ ਕਰ ਰਹੇ ਸਨ ਤੇ ਹਿੰਦੀ ਜਨਤਾ ਦਾ ਆਚਰਣ ਅਤਿ ਅਪਵਿਤ੍ਰ ਤੇ ਬਹੁਤ ਗਿਰਿਆ ਹੋਇਆ ਸੀ। ਇਹਨਾਂ ਕਹਾਣੀਆਂ ਵਿਚ ਕਿਧਰੇ ਕਿਧਰੇ ਐਸੇ ਆਚਰਣ ਗਿਰਾਊ ਹਮਲਿਆਂ ਤੋਂ ਬਚਣ ਦੇ ਨਜ਼ਾਰੇ ਬੀ ਦਰਸਾਏ ਹਨ।

ਇਹ ਠੀਕ ਹੈ ਕਿ ਇਹਨਾਂ ਕਹਾਣੀਆਂ ਵਿਚ ਨੰਗੇਜ ਬੀ ਬਹੁਤ ਥਾਂਈਂ ਹੈ ਪਰ ਏਹ ਕਹਾਣੀਆਂ ਕਾਮ ਵਾਸ਼ਨਾ ਨੂੰ ਪ੍ਰਜੁਲਤ ਕਰਨ ਲਈ ਨਹੀਂ ਪਰ ਐਸੇ ਛਲਾਂ, ਫਰੇਬਾਂ, ਧੋਖਿਆਂ ਤੇ ਚਲਾਕੀਆਂ ਦੇ ਕਰਤਬਾਂ ਤੋਂ ਸੁਚੇਤ ਤੇ ਬਚਕੇ ਰਹਿਣ ਦੀ ਪ੍ਰੇਰਨਾ ਲੈਣ ਹਿਤ ਹਨ, ਇਸੇ ਹੀ ਰਚਨਾਂ ਵਿਚ ਕਲਗੀਧਰ ਪਾਤਸ਼ਾਹ ਜੀ ਸੰਬੰਧੀ ਬੀ ਇਕ ਵਾਰਤਾ ਹੈ ਜਿਸ ਵਿਚ ਵਰਣਿਤ ਹੈ ਕਿ ਕਲਗੀਧਰ ਜੀ ਨੇ ਦਸਿਆ ਕਿ ਸਾਡੇ ਪਿਤਾ ਨੇ ਸਾਨੂੰ ਸਿਖਯਾ ਦਿਤੀ ਸੀ:–

ਨਿਜ ਨਾਰੀ ਕੇ ਸੰਗ ਨੇਹੁੰ ਤੁਮ ਨਿਤ ਬਢਈਅਹੁ।
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਅਹੁ।

ਤੇ ਇਹੀ ਸਿਖਯਾ ਕਲਗੀਧਰ ਜੀ ਨੇ ਆਪਣੇ ਪੁਤ੍ਰ ਖਾਲਸੇ ਨੂੰ ਬਖਸ਼ੀ ਤੇ ਖਾਲਸੇ ਨੇ ਇਸ ਤੇ ਅੱਖਰ ਅੱਖਰ ਪਹਿਰਾ ਦਿਤਾ ਤੇ ਆਪਣਾ ਆਚਰਣ ਪਰਮ ਪਵਿਤ੍ਰ ਦਰਸਾਇਆ। ਇਤਿਹਾਸ ਦੱਸਦੇ ਹਨ ਕਿ ਕਿਸੇ ਵੇਲੇ ਜੇ ਜੁੱਧਾਂ ਵੇਲੇ ਖਾਲਸੇ ਦੇ ਘੇਰੇ ਵਿਚ ਸ਼ਤਰੂ ਦੀਆਂ ਨਾਰੀਆਂ ਆ ਗਈਆਂ ਤਾਂ ਕਿਸੇ ਦਾ ਬੀ ਸਤ ਭੰਗ ਕਰਨਾ ਤਾਂ ਕਿਤੇ ਰਿਹਾ ਕਿਸੇ ਨੇ ਬੁਰਕਾ ਚੁੱਕ ਕੇ ਕਿਸੇ ਨਾਰੀ ਦਾ ਮੂੰਹ ਤਕ ਬੀ ਦੇਖਣ ਦੀ ਪ੍ਰਵਾਹ ਨਹੀਂ ਸੀ ਕੀਤੀ। ਸਗੋਂ ਸਭਨਾਂ ਨੂੰ ਆਪਣੀ ਰਖਯਾ ਵਿਚ ਲਿਜਾ ਕੇ ਉਹਨਾਂ ਦੇ ਘਰੀਂ ਪੁਚਾਇਆ।

ਖਾਲਸੇ ਦੇ ਇਸ ਪਵਿਤ੍ਰ ਤੇ ਉਚੇ ਆਚਰਨ ਦੀ ਉਗਾਹੀ ਕਾਜ਼ੀ ਨੂਰ ਮੁਹੰਮਦ, ਜਿਸਦਾ ਜ਼ਿਕਰ ਅਸੀਂ ਪਹਿਲੇ ਕਰ ਆਏ ਹਾਂ ਕਿ ਉਹ ਅਹਿਮਦ



Sri Satguru Jagjit Singh Ji eLibrary NamdhariElibrary@gmail.com

ਸ਼ਾਹ ਦੁਰਾਨੀ ਦੇ ਸਤਵੇਂ ਹਮਲੇ ਵਿਚ ਨਾਲ ਆਇਆ ਤੇ ਉਸਨੇ ਖਾਲਸੇ ਦੇ ਨਾਲ ਦੁਰਾਨੀ ਫੌਜਾਂ ਦਾ ਜੰਗ ਤੇ ਖਾਲਸੇ ਦੇ ਤੌਰ ਤਰੀਕੇ ਆਚਰਣ ਦੇਖਕੇ ਜੰਗ ਨਾਮਾ ਲਿਖਿਆ। ਓਹ ਭਾਵੇਂ ਸਿਖਾਂ ਨੂੰ ਆਪਣੇ ਜੰਗ ਨਾਮੇ ਵਿਚ ਕਦਮ ਕਦਮ ਤੇ ਗਾਲੀਆਂ ਦੇਂਦਾ ਟੁਰਿਆ ਜਾਂਦਾ ਹੈ, ਪਰ ਜਦ ਓਹ ਸਿਖਾਂ ਦੀ ਬਹਾਦਰੀ ਤੇ ਉਹਨਾਂ ਦੇ ਆਚਰਣ ਪਰ ਰੋਸ਼ਨੀ ਪਾਉਂਦਾ ਹੈ ਤਾਂ ਕਹਿੰਦਾ ਹੈ:-

ਜ਼ਨਾਹ ਹਮ ਨ ਬਾਸ਼ਦ ਮਿਯਾਨੇ ਸਗਾਂ,
ਨ ਦੁਜ਼ਦੀ ਬਵਦ ਕਾਰੇ ਆਂ ਬਦਰਕਾਂ।

ਕਿ ਇਹਨਾਂ ਸਿਖਾਂ ਵਿਚ ਵਿਭਚਾਰ ਬੀ ਨਹੀਂ ਹੈ ਤੇ ਨਾ ਹੀ ਚੋਰੀ ਕਰਨਾ ਇਹਨਾਂ ਚੰਦਰਿਆਂ ਦਾ ਕੰਮ ਹੈ। ਅਗੇ ਲਿਖਦਾ ਹੈ:-

ਕਿ ਜ਼ਾਨੀ ਓ ਸਾਰਕ ਨ ਦਾਰੰਦ ਦੋਸਤ।

ਕਿ ਏਹ ਵਿਭਚਾਰੀ ਤੇ ਚੋਰ ਨੂੰ ਮਿਤ੍ਰ ਹੀ ਨਹੀਂ ਬਣਾਉਂਦੇ।

ਇਹ ਹੈ ਅਸਰ ਕਲਗੀਧਰ ਪਾਤਸ਼ਾਹ ਦੀ ਖਾਲਸੇ ਨੂੰ ਦਿਤੀ ਸਿਖਜਾ ਦਾ। ਤ੍ਰਿਯਾ ਚਰਿਤ੍ਰ ਕਿਸ ਨੇ ਲਿਖੇ ਹਨ ਇਹ ਵੱਖਰੀ ਗਲ ਹੈ। ਕਾਵ੍ਯ ਸ਼ੈਲੀ, ਅਲੰਕਾਰ ਯੋਜਨਾ, ਖਿਆਲ ਦੀ ਉਡਾਰੀ ਆਦਿ ਦੇ ਚੰਗੇ ਖੋਜੀ ਵਿਦਵਾਨ ਕਦੇ ਹੋ ਸਕਦਾ ਹੈ ਕਿ ਨਿਤਾਰਾ ਕਰ ਸਕਣ ਕਿ ਇਹ ਰਚਨਾ ਕਿਹਨਾਂ ਦੀ ਹੈ ਪਰ ਇਹ ਗਲ ਸਪਸ਼ਟ ਹੈ ਕਿ ਭਾਵੇਂ ਇਹ ਪਰ ਕ੍ਰਿਤ ਬੀ ਹੋਵੇ ਇਹ ਅਪਣਾਈ ਗਈ ਹੈ ਤੇ ਕਿਸ ਇੰਦੀਏ ਲਈ ਅਪਣਾਈ ਗਈ ਹੈ ਓਹ ਅਸੀਂ ਪਿੱਛੇ ਦੱਸ ਆਏ ਹਾਂ। ਜੇ ਇਹ ਪਰ ਕ੍ਰਿਤ ਬੀ ਹੋਵੇ ਤਦ ਬੀ ਅਖੀਰਲਾ ਚਰਿਤ੍ਰ ਸਪਸ਼ਟ ਹੈ ਕਿ ਕਲਗੀਧਰ ਪਾਤਸ਼ਾਹ ਦੀ ਆਪਣੀ ਰਚਨਾ ਹੈ। ਪਹਿਲੇ ਚਰਿਤ੍ਰਾਂ ਵਿਚ ਨਾਰੀ ਦਾ ਉਹ ਸਰੂਪ ਪੇਸ਼ ਹੋਇਆ ਹੈ ਜੋ ਨਰ ਦੇ ਆਚਰਨ ਨੂੰ ਗਿਰਾਉਂਦੀ ਹੈ ਪਰ ਅੰਤਲੇ ਚਰਿਤ੍ਰ ਵਿਚ ਨਾਰੀ ਦਾ ਦੂਸਰਾ ਸਰੂਪ ਪੇਸ਼ ਕੀਤਾ ਗਿਆ ਹੈ ਜੋ ਤਲਵਾਰ ਸੂਤ ਕੇ ਦੁਸ਼ਟਾਂ ਦਾ ਨਾਸ਼ ਕਰਦੀ ਹੈ ਤੇ ਅਕਾਲ ਪੁਰਖ ਦੀ ਉਪਾਸਕ ਹੈ। ਇਸ ਚਰਿਤ੍ਰ ਵਿਚ ਕੋਈ ਨੰਗੇਜ ਨਹੀਂ, ਸਗੋਂ ਜੰਗ ਦੇ ਤੇ ਬਹਾਦਰੀ ਦੇ ਅਨੂਪਮ ਨਜ਼ਾਰੇ ਵਿਖਾਏ ਗਏ ਹਨ: ਸ੍ਰੀ ਅਸਕੇਤ (ਅਕਾਲ ਪੁਰਖ) ਉਸਦੀ ਸਹਾਇਤਾ ਕਰਦਾ ਹੈ ਤੇ ਉਸਦੀ ਫਤਹਿ ਹੁੰਦੀ ਹੈ। ਇਸ ਚਰਿਤ੍ਰ ਦੀ ਸੰਖਿਪਤ ਵਾਰਤਾ, ਜੋ ਭਾਵੇਂ ਕਾਲਪਨਕ ਹੈ, ਇਸ ਪ੍ਰਕਾਰ ਹੈ:-

ਸਤਿਜੁਗ ਵਿਚ 'ਸੱਤਿ ਸੰਧਿ' ਨਾਮੇ ਜਸਵਾਨ ਰਾਜਾ ਹੋਇਆ। 'ਦੀਰਘ ਦਾੜ੍ਹ' ਨਾਮੇ ਦੈਂਤ ਭਾਰੀ ਸੈਨਾ ਲੈਕੇ ਉਸਤੇ ਚੜ੍ਹ ਆਯਾ, ਜੰਗ ਹੋਯਾ, ਵੀਹ ਵਰ੍ਹੇ ਭਾਰੀ ਜੰਗ ਹੁੰਦਾ ਰਿਹਾ। ਅੰਤ ਜਦੋਂ ਭਾਰੀ ਲੋਹਾ ਮਚਿਆ ਤੇ ਉਸ ਵਿਚੋਂ ਅੱਗ ਨਿਕਲੀ, ਉਸ ਅੱਗ ਵਿਚੋਂ ਇਕ ਸੁੰਦਰੀ ਪੈਦਾ ਹੋਈ। ਬੜੀ ਸੁੰਦਰ। ਉਸਨੇ ਜਗਤ ਵਿਚ ਵੇਖਿਆ ਕਿ ਮੇਰੇ ਵਰਨ ਯੋਗ ਕੋਈ ਪੁਰਸ਼ ਨਹੀਂ, ਉਸਨੇ



Sri Satguru Jagjit Singh Ji eLibrary NamdhariElibrary@gmail.com

ਮਨ ਨਾਲ ਫੈਸਲਾ ਕੀਤਾ: ਮੈਂ ਜਗਤ ਪਤੀ ਨੂੰ ਵਰਾਂਗੀ ਤੇ ਉਸਦੀ ਸੇਵਾ ਕਰਾਂਗੀ। ਉਸਨੂੰ ਰਾਤ ਨੂੰ ਸੁਪਨਾ ਆਉਂਦਾ ਹੈ ਕਿ ਨਿਰੰਕਾਰ ਨੂੰ ਤੂੰ ਤਾਂ ਵਰ ਸਕਦੀ ਹੈ ਜੇ 'ਸੁਆਸ ਬੀਰਜ' ਨਾਮੇਂ ਦੈਂਤ ਨੂੰ ਜੰਗ ਕਰਕੇ ਮਾਰ ਦੇਵੇਂ। ਉਹ ਇਸਤ੍ਰੀ ਸੈਨਾਂ ਲੈਕੇ ਸੁਆਸ ਬੀਰਜ ਪਰ ਜਾ ਹਮਲਾ ਕਰਦੀ ਹੈ, ਦੈਂਤ ਨਾਲ ਬੜੀ ਭਾਰੀ ਲੜਾਈ ਹੁੰਦੀ ਹੈ; ਦੈਂਤ ਦੇ ਸੁਆਸਾਂ ਤੋਂ ਤੇ ਤੀਰਾਂ ਨਾਲ ਵਿੰਨ੍ਹੇ ਉਸ ਦੇ ਸਰੀਰ ਤੋਂ ਡਿਗੇ ਖੂਨ ਦੇ ਤੁਪਕਿਆਂ ਤੋਂ ਦੈਂਤ ਹੀ ਦੈਂਤ ਪੈਦਾ ਹੁੰਦੇ ਤੇ ਉਸਦੀ ਸੈਨਾ ਵਧਦੀ ਅਮੁੱਕ ਹੁੰਦੀ ਜਾਂਦੀ ਹੈ। ਆਖਰ ਥੱਕ ਕੇ ਉਹ ਸੁੰਦਰੀ ਮਹਾਂ ਕਾਲ ਦੀ ਆਰਾਧਨਾ ਕਰਦੀ ਹੈ, ਸ੍ਰੀ ਅਸਧੁਜ ਉਸਦੀ ਆਰਾਧਨਾ ਤੇ ਸੈਨਾ ਲੈਕੇ ਆਉਂਦੇ ਤੇ ਸੁਆਸ ਬੀਰਜ ਨਾਲ ਜੰਗ ਕਰਦੇ, ਉਸਦੀ ਸੈਨਾਂ ਦਾ ਨਾਸ਼ ਕਰਦੇ ਹਨ। ਇਥੇ ਜੰਗ ਦੇ ਤੇ ਰਣਭੂਮੀ ਦੇ ਅਨੇਕ ਓਜਮਈ ਰੂਪ ਬੜੇ ਵਿਸਤਾਰ ਵਿਚ ਦਿਖਾਏ ਗਏ ਹਨ। ਅੰਤ ਸ੍ਰੀ ਅਸਿਕੇਤ ਜੀ ਰਾਖਸ਼ ਦਾ ਸਿਰ ਕੱਟ ਦਿੰਦੇ ਹਨ ਤੇ ਫਤਹਿ ਹੋ ਜਾਂਦੀ ਹੈ, ਜੈ ਜੈਕਾਰ ਹੁੰਦੀ ਹੈ, ਪਾਠ ਹੈ:–

ਪੁਨ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਕੇਤ ਜਗਤ ਕੇ ਈਸਾ।
ਪੁਹਪਨ ਬ੍ਰਿਸ਼ਟ ਗਗਨ ਤੇ ਭਈ। ਸਭਹਿਨ ਆਨਿ ਬਧਾਈ ਦਈ।
ਧੰਨਿ ਧੰਨਿ ਲੋਗਨ ਕੇ ਰਾਜਾ। ਦੁਸਟਨ ਦਾਹ ਗਰੀਬ ਨਿਵਾਜਾ।
ਅਖਿਲ ਭਵਨ ਕੇ ਸਿਰਜਨਹਾਰੇ, ਦਾਸ ਜਾਨ ਮੁਹਿ ਲੇਹੁ ਉਬਾਰੇ

ਚਰਿਤ੍ਰ ਇਥੇ ਖਤਮ ਹੈ, ਅਗੇ ਕਲਗੀਧਰ ਪਾਤਸ਼ਾਹ ਸ੍ਰੀ ਅਸਕੇਤ ਦੇ ਹਜ਼ੂਰ ਅਰਦਾਸ ਵਿਚ ਜੁੜ ਜਾਂਦੇ ਹਨ, 'ਕਬਿਯੋ ਬਾਚ ਬੇਨਤੀ ਚੌਪਈ' ਸ਼ੁਰੂ ਹੋ ਜਾਂਦੀ ਹੈ:–

ਹਮਰੀ ਕਰੋ ਹਾਥ ਦੈ ਰੱਛਾ। ਪੂਰਨ ਹੋਇ ਚਿੱਤ ਕੀ ਇੱਛਾ।
ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨਿ ਕਰੋ ਪ੍ਰਤਿਪਾਰਾ।

ਇਹ ਚੌਪਈ ਚੋਖੀ ਲੰਮੀ ਹੈ, ਜਿਸਦਾ ਅਸੀਂ ਰਹਿਰਾਸ ਵਿਚ ਆਦਿ ਕਾਲ ਤੋਂ ਪਾਠ ਕਰ ਰਹੇ ਹਾਂ। ਗਿਆਨੀ ਭਾਗ ਸਿੰਘ ਜੀ ਇਸ ਨੂੰ ਕੱਚੀ ਬਾਣੀ ਕਹਿੰਦੇ ਹਨ ਤੇ ਇਸ ਦਾ ਪਾਠ ਕਰਨਾ ਬੁਧਿਮਤਾ ਤੋਂ ਖਾਲੀ (ਪੰਨਾ ੧੨੨) ਦੱਸਦੇ ਹਨ।

ਇਹ ਚੌਪਈ ਦਿਲ ਭਿੱਜਵੀਂ ਅਰਦਾਸ ਹੈ, ਮਨ ਦੀ ਓਹਨਾਂ ਹੀ ਚਰਨਾਂ ਵਿਚ ਮਗਨਤਾ ਮੰਗੀ ਹੈ, ਜਿਹਨਾ ਨੂੰ ਬਚਿਤ੍ਰ ਨਾਟਕ ਵਿਚ ਕਹਿ ਆਏ ਹਨ: 'ਚਿਤ ਨ ਭਯੋ ਹਮਰੋ ਆਵਨ ਕਹਿ। ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ। ਫਿਰ ਇਸ ਦਿਲ ਭਿੱਜਵੀਂ ਅਰਦਾਸ ਵਿਚ ਤਿੰਨ ਵਾਰ ਆਪਣੇ ਸਿਖਾਂ ਦੀ ਰਖਯਾ ਮੰਗ ਰਹੇ ਹਨ:–



Sri Satguru Jagjit Singh Ji eLibrary NamdhariElibrary@gmail.com

੧. ਸੁਖੀ ਬਸੈ ਮੋਰੋ ਪਰਿਵਾਰਾ।
ਸੇਵਕ ਸਿੱਖ ਸਭੈ ਕਰਤਾਰਾ।
੨. ਸੇਵਕ ਸਿੱਖ ਹਮਾਰੇ ਤਾਰੀਅਹਿ।
ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ।
੩. ਅਬ ਰੱਛਾ ਮੇਰੀ ਤੁਮ ਕਰੋ।
ਸਿੱਖ ਉਬਾਰਿ ਅਸਿੱਖ ਸੰਘਰੋ।

ਸਿਖ ਕਿਸਦੇ ਹਨ? ਕਿਸੇ ਕਵੀ ਦੇ? ਨਹੀਂ, ਕਵੀਆਂ ਦੇ ਸਰਤਾਜ ਅਨੂਠੀ ਤੇ ਜਾਨ ਪਾਊ ਕਵਿਤਾ ਰਚਣਹਾਰੇ ਮਹਾਂ ਕਵੀ ਕਲਗੀਧਰ ਪਾਤਸ਼ਾਹ ਦੇ ਸਿਖ ਹਨ, ਸਿਖ ਪਰਿਵਾਰ ਉਹਨਾਂ ਦਾ ਹੈ, ਸਿਖ ਉਹਨਾਂ ਦੇ ਬੇਟੇ ਹਨ, ਜਿਹਨਾਂ ਦੀ ਰਖਜਾ ਲਈ ਕਦਮ ਕਦਮ ਤੇ ਅਰਦਾਸਾਂ ਕਰਦੇ ਹਨ ਅਕਾਲ ਪੁਰਖ ਦੇ ਹਜ਼ੂਰ।

ਫੇਰ ਇਹ ਚੌਪਈ ਰਹਿਰਾਸ ਨਾਲ ਅੱਜ ਨਹੀਂ ਜੋੜੀ ਗਈ, ਉਹਨਾਂ ਕੁਰਬਾਨੀ ਪੁੰਜ ਸੂਰਿਆਂ ਨੇ ਤੇ ਭਾਈ ਮਨੀ ਸਿੰਘ ਜੀ ਜੈਸੇ ਹਜ਼ੂਰੀ ਸਿਖਾਂ ਨੇ ਜੋੜੀ ਹੈ, ਜਿਹਨਾਂ ਦੇ ਸਾਹਮਣੇ ਕਲਗੀਧਰ ਪਾਤਸ਼ਾਹ ਨੇ ਇਹ ਚੌਪਈ ਰਚੀ ਤੇ ਇਹ ਦਿਲ ਭਿੱਜਵੀਂ ਅਰਦਾਸ ਮਨਾਂ ਨੂੰ ਦ੍ਰਵਾ ਦੇਣ ਵਾਲੀ, ਅਰਦਾਸ ਵਿਚ ਜੋੜਨ ਵਾਲੀ ਖਿਆਲ ਕੇ ਰਹਿਰਾਸ ਵਿਚ ਸ਼ਾਮਲ ਕੀਤੀ ਗਈ।

ਦਸਮ ਗ੍ਰੰਥ ਦੀ ਰਚਨਾ ਬੜੀ ਅਮੋਲਕ ਹੈ ਤੇ ਇਸ ਵਿਚੋਂ ਓਹ ਗੁਣ ਗ੍ਰਹਣ ਕਰਨੇ ਚਾਹੀਦੇ ਹਨ, ਜਿਹਨਾਂ ਦਾ ਨਿਸ਼ਾਨਾ ਲੈ ਕੇ ਕਲਗੀਧਰ ਪਾਤਸ਼ਾਹ ਨੇ ਏਹ ਰਚਨਾਵਾਂ ਰਚੀਆਂ। ਸਾਨੂੰ ਸੁਭ ਗੁਣਾਂ ਦੀ ਸਿਖਜਾ ਉਪਦੇਸ ਦੀ ਸ਼ਰਧਾ ਭਾਵਨਾ ਇਸ ਤੋਂ ਗ੍ਰਹਿਣ ਕਰਨੀ ਚਾਹੀਦੀ ਹੈ ਨਾ ਕਿ ਇਸ ਬਾਣੀ ਦੀ ਐਬ ਜੋਈ ਕਰਨੀ ਤੇ ਇਸ ਦਾ ਤ੍ਰਿਸਕਾਰ ਕਰਨਾ ਉਚਿਤ ਹੈ।



Sri Satguru Jagjit Singh Ji eLibrary NamdhariElibrary@gmail.com

# ੬. ਦਸਮ ਗੁਰ ਬਾਣੀ ਤੇ ਭਾਈ ਮਨੀ ਸਿੰਘ ਜੀ

'ਬਚਿਤ੍ਰ ਨਾਟਕ' ਬਾਣੀ ਸੰਬੰਧੀ ਅਸੀਂ ਆਪਣੇ ਤੁੱਛ ਵੀਚਾਰ ਪਿਛੇ ਤੀਜੇ ਲੇਖ ਵਿਚ ਪ੍ਰਗਟ ਕਰ ਚੁਕੇ ਹਾਂ। ਪੁਸਤਕ 'ਦਸਮ ਗ੍ਰੰਥ ਨਿਰਣੈ' ਤੋਂ ਇਲਾਵਾ ਇਨ੍ਹਾਂ ਦਿਨਾਂ ਵਿਚ ਇਕ ਦੋ ਹੋਰ ਲੇਖ ਇਸ ਬਾਣੀ ਸੰਬੰਧੀ ਸਾਡੀ ਨਜ਼ਰੋਂ ਲੰਘੇ ਹਨ। ਇਨ੍ਹਾਂ ਦੇ ਵਿਦਵਾਨ ਲੇਖਕਾਂ ਦਾ ਮਤ ਹੈ ਕਿ ਬਚਿਤ੍ਰ ਨਾਟਕ ਵਿਚ ਕਿਸੇ ਸ਼ਾਕਤਕ ਪੰਡਤ ਨੇ ਰਲੇ ਪਾਏ ਹਨ। ਇਸ ਲਈ ਇਹ ਬਾਣੀ ਪੂਰਨ ਰੂਪ ਵਿਚ ਸ੍ਰੀ ਦਸਮੇਸ਼ ਜੀ ਦੀ ਕ੍ਰਿਤ ਨਹੀਂ ਰਹੀ। ਕਿਉਂਕਿ ਇਸ ਵਿਚ ਸਿੱਖੀ ਦੇ ਕਈ ਮੂਲਕ ਸਿਧਾਂਤਾਂ ਦੇ ਉਲਟ ਵਾਕ ਹਨ।

ਸਾਡਾ ਇਤਿਹਾਸ ਹੈ ਕਿ ਦਸਮ ਗ੍ਰੰਥ ਦੀਆਂ ਬਾਣੀਆਂ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਖੋਜ ਕੇ ਇਕੱਤ੍ਰ ਕੀਤੀਆਂ ਸਨ ਜਦ ਕਿ ਓਹ ਮਾਤਾ ਸੁੰਦਰੀ ਜੀ ਦੀ ਆਗਜਾ ਹੇਠ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਗ੍ਰੰਥੀ ਦੀ ਸੇਵਾ ਪਰ ਨਿਯੁਕਤ ਕੀਤੇ ਗਏ ਸਨ। ਭਾਈ ਮਨੀ ਸਿੰਘ ਜੀ ਸ਼ਹੀਦ ਕੌਣ ਸਨ? ਸ਼ਾਇਦ ਬਹੁਤੇ ਸੱਜਣਾਂ ਨੂੰ ਪੂਰੀ ਵਾਕਫ਼ੀ ਨਾ ਹੋਵੇ। ਭਾਈ ਕਾਨ੍ਹ ਸਿੰਘ ਜੀ ਆਪਣੇ ਕੋਸ਼ ਵਿਚ ਲਿਖਦੇ ਹਨ:–

"ਮਨੀ ਸਿੰਘ ਭਾਈ–ਕੈਬੋਵਾਲ ਪਿੰਡ ਦੇ (ਜਿਸ ਦਾ ਪਟਿਆਲੇ ਰਾਜ ਵਿਚ ਸੁਨਾਮ ਪਾਸ ਥੇਹ ਦੇਖਿਆ ਜਾਂਦਾ ਹੈ) ਵਸਨੀਕ ਦੁੱਲਟ ਜੱਟ ਚੌਧਰੀ ਕਾਲੇ ਦਾ ਪੁਤ੍ਰ ਸੀ। ਮਨੀਏ ਦੀ ਉਮਰ ਕੇਵਲ ਪੰਜ ਵਰ੍ਹੇ ਦੀ ਸੀ, ਜਦ ਕਾਲੇ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੜ੍ਹਾ ਦਿਤਾ। ਇਹ ਛੋਟੀ ਅਵਸਥਾ ਤੋਂ ਹੀ ਸ੍ਰੀ ਦਸਮੇਸ਼ ਜੀ ਦੀ ਸੇਵਾ ਵਿਚ ਰਿਹਾ। ਇਸ ਨੇ ਕਲਗੀਧਰ ਤੋਂ ਅੰਮ੍ਰਿਤ ਛਕ ਕੇ ਸਿੰਘ ਪਦਵੀ ਧਾਰਨ ਕੀਤੀ। ਸੰਮਤ ੧੭੬੧ ਵਿਚ ਜਦ ਗੁਰੂ ਸਾਹਿਬ ਨੇ ਆਨੰਦ ਪੁਰ ਛਡਿਆ ਤਦ ਇਹ ਆਗਜਾਨੁਸਾਰ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਨੂੰ ਲੈਕੇ ਦਿੱਲੀ ਪਹੁੰਚਿਆ ਅਰ ਸੇਵਾ ਵਿਚ ਹਾਜ਼ਰ ਰਿਹਾ। ਸੰਮਤ ੧੭੬੨–੬੩ ਵਿਚ ਇਹ ਮਾਤਾ ਸਾਹਿਬਾਨ ਦੇ ਨਾਲ ਦਮਦਮੇ ਪੁੱਜਾ। ਓਥੇ ਕਲਗੀਧਰ ਨੇ ਇਸ ਦੀ ਕਲਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ ਲਿਖਵਾਈ।....ਸੰਮਤ੧੭੭੮ ਵਿਚ ਮਾਤਾ ਸੁੰਦਰੀ ਜੀ ਨੇ ਇਸ ਨੂੰ ਹਰਿਮੰਦਰ ਦਾ ਗ੍ਰੰਥੀ ਥਾਪਿਆ। ਇਸ ਅਧਿਕਾਰ ਵਿਚ ਭਾਈ ਮਨੀ ਸਿੰਘ ਨੇ ਕਈ ਗ੍ਰੰਥ ਲਿਖੇ।....੧੭੯੪ ਵਿਚ ਭਾਈ ਮਨੀ ਸਿੰਘ ਧਰਮਵੀਰ ਨੇ ਸ਼ਹੀਦੀ ਪਾਈ।"

(ਮਹਾਨ ਕੋਸ਼ ਪੰਨਾ ੭੧੨)



Sri Satguru Jagjit Singh Ji eLibrary NamdhariElibrary@gmail.com

"ਇਸ ਤੋਂ ਵੱਖ ਜਿੱਥੋਂ ਕਿੱਥੋਂ ਵਡੇ ਜਤਨ ਨਾਲ ਦਸਮ ਸਤਿਗੁਰੂ ਜੀ ਦੀ ਉਪਦੇਸ਼ ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਇਕੱਤ੍ਰ ਕਰਕੇ ਇਕ ਜਿਲਦ 'ਦਸਵੇਂ ਪਾਤਸ਼ਾਹ ਕਾ ਗ੍ਰੰਥ' ਨਾਮ ਕਰਕੇ ਲਿਖੀ।" (ਮਹਾਨ ਕੋਸ਼ ਪੰਨਾ ੪੬੧)

ਕਲਗੀਧਰ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ (ਸੰਮਤ ੧੭੬੫) ਪਿਛੋਂ ਭਾਈ ਮਨੀ ਸਿੰਘ ਜੀ ਦੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਹੋਣ (ਸੰਮਤ ੧੭੭੮) ਤੱਕ ਦਾ ਸਮਾਂ ਹਿੰਦ ਵਿਚ ਚੋਖਾ ਬੇਚੈਨੀ ਵਾਲਾ ਸੀ। ਇਸ ਸਮੇਂ ਵਿਚ ਕਿਸ ਨੂੰ ਵਿਹਲ ਪਈ ਸੀ ਕਿ ਕਲਗੀਧਰ ਪਾਤਸ਼ਾਹ ਦੀ ਰਚੀ ਬਾਣੀ ਵਿਚ ਕੋਈ ਰਲੇ ਪਾਉਂਦਾ। ਜੇ ਪਾਉਂਦਾ ਬੀ ਤਾਂ ਭਾਈ ਮਨੀ ਸਿੰਘ ਜੀ ਅਵੱਸ਼ ਅਸਲ ਤੇ ਰਲੇ ਨੂੰ ਵੱਖ ਵੱਖ ਕਰਕੇ ਨਿਰੋਲ ਗੁਰੂ ਰਚਨਾ ਨੂੰ ਵਿਸ਼ੁੱਧ ਰੂਪ ਵਿਚ ਸੁਰੱਖਜਤ ਕਰ ਲੈਂਦੇ। ਕਿਉਂਕਿ ਭਾਈ ਮਨੀ ਸਿੰਘ ਇਕ ਐਸੀ ਹਸਤੀ ਸਨ ਜੋ ਸਾਰੀ ਉਮਰ ਕਲਗੀਧਰ ਪਾਤਸ਼ਾਹ ਦੀ ਹਜ਼ੂਰੀ ਵਿਚ ਰਹੇ ਤੇ ਹਜ਼ੂਰੀ ਪ੍ਰਾਪਤ ਪੁਰਖ ਨੂੰ ਗੁਰੂ ਘਰ ਦੀ, ਗੁਰੂ ਰਚਨਾ ਦੀ ਪੂਰੀ ਵਾਕਫ਼ੀ ਅਵੱਸ਼ ਹੋਣੀ ਮੰਨਣ ਜੋਗ ਹੈ। ਇਤਿਹਾਸ ਇਸ ਪੱਖੋਂ ਚੁਪ ਹੈ ਕਿ ਕੋਈ ਰਲਾ ਦਸਮ ਗੁਰਬਾਣੀ ਵਿਚ ਕਿਸੇ ਨੇ ਪਾਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੀ ਦਸਮੀ ਜੋਤ ਸਨ। ਉਨ੍ਹਾਂ ਤੋਂ ਪਹਿਲੇ ਜਿਨ੍ਹਾਂ ਜਿਨ੍ਹਾਂ ਗੁਰੂ ਸਾਹਿਬਾਂ ਨੇ ਬਾਣੀ ਰਚੀ, ਉਨ੍ਹਾਂ ਨੇ ਆਪਣੀ ਬਾਣੀ ਵਿਚ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਵੀ ਛਾਪ 'ਨਾਨਕ' ਵਰਤੀ। ਪਰ ਕਲਗੀਧਰ ਪਾਤਸ਼ਾਹ ਨੇ ਨਹੀਂ ਵਰਤੀ, ਜੇ ਓਹ ਚਾਹੁੰਦੇ ਤਾਂ ਵਰਤ ਸਕਦੇ ਸਨ ਕਿਉਂਕਿ ਓਹ ਗੁਰੂ ਨਾਨਕ ਜੀ ਦੀ ਦਸਮੀ ਜੋਤਿ ਸਨ, ਪਰ ਉਨ੍ਹਾਂ ਨੇ ਨਾ ਨਿਰਾ 'ਨਾਨਕ' ਛਾਪ ਹੀ ਨਹੀਂ ਵਰਤੀ ਸਗੋਂ ਆਪਣਾ ਸ਼ੁਭ ਨਾਮ ਬੀ ਸਾਰੇ ਦਸਮ ਗ੍ਰੰਥ ਵਿਚ ਨਹੀਂ ਵਰਤਿਆ, ਸਿਵਾਏ ਇਕ ਦੋਹਰੇ ਦੇ:–

ਦੋਹਰਾ।।<br>
ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ।।<br>
ਬਾਂਹਿ ਗਹੇ ਕੀ ਲਾਜ ਅਸ 'ਗੋਬਿੰਦ' ਦਾਸ ਤੁਹਾਰ।।

ਚੰਡੀ ਦੀ ਵਾਰ ਦੀ ਪਹਿਲੀ ਪਉੜੀ ਵਿਚ ਆਪਣੇ ਤੋਂ ਪਹਿਲੇ ਨੌ ਗੁਰੂ ਸਾਹਿਬਾਂ ਦਾ ਆਪ ਨੇ ਆਰਾਧਨ ਕੀਤਾ ਤੇ ਆਪਣਾ ਪਵਿਤ੍ਰ ਨਾਮ ਲਾਂਭੇ ਰਖ ਲਿਆ। ਜੇ ਹੋਰ ਬਾਣੀ ਰਚੀ ਤਾਂ ਉਸ ਵਿਚ ਆਪਣਾ ਨਾਮ ਨਹੀਂ ਪਰ 'ਰਾਮ' ਤੇ 'ਸ਼ਿਆਮ' ਕਵੀ ਛਾਪਾਂ ਵਰਤ ਦਿਤੀਆਂ। ਇਹ ਕਿਉਂ? ਗੁਰੂ ਕੀ ਗਤਿ ਗੁਰੂ ਜਾਣੇ, ਪਰ ਕਿਆਸ ਇਹ ਕੀਤਾ ਜਾ ਸਕਦਾ ਹੈ ਕਿ ਓਹ ਆਪਣੇ



Sri Satguru Jagjit Singh Ji eLibrary NamdhariElibrary@gmail.com

ਆਪ ਨੂੰ ਕੇਵਲ ਇਕ ਮਤ, ਫਿਰਕੇ ਯਾ ਮਜ਼ਹਬ ਦੇ ਆਗੂ ਪ੍ਰਗਟ ਕਰਨ ਤੋਂ ਸੰਕੋਚ ਵਿਚ ਸਨ। ਸਿਖਾਂ ਦੇ ਤਾਂ ਓਹ ਠੀਕ ਦਸਮੇ ਗੁਰੂ ਸਨ ਹੀ ਪਰ ਓਹ ਨਿਰੇ ਸਿਖਾਂ ਦੇ ਨਹੀਂ ਉਨ੍ਹਾਂ ਦੀ ਬਾਣੀ ਵਿਚ ਸਪਸ਼ਟ ਇਸ਼ਾਰੇ ਹਨ ਕਿ ਓਹ ਸਰਵ ਸਾਂਝੇ ਰਾਹਨੁਮਾ ਸਨ, ਸਾਰੇ ਹਿੰਦੀ, ਕੀ ਹਿੰਦੂ, ਕੀ ਮੁਸਲਮਾਨ, ਕੀ ਸਿਖ ਸਭਨਾਂ ਨੂੰ ਸੁਮਾਰਗ ਪਾਉਣ ਵਾਲੇ ਇਨਸਾਨੀਅਤ ਦੇ ਉੱਚ ਪੱਧਰ ਤੇ ਟੋਰਨ ਦਾ ਦਾਈਆ ਰਖਣ ਵਾਲੇ ਪੂਜਨੀਕ ਸਤਿਗੁਰੂ ਸਨ। ਉਨ੍ਹਾਂ ਦਾ ਕਿਸੇ ਨਾਲ ਵੈਰ ਵਿਰੋਧ ਯਾ ਵਖਰੇਵਾਂ ਨਹੀਂ ਸੀ। ਮੁਗ਼ਲ ਹਕੂਮਤ ਦੀ ਸ਼ਹਿ ਹੇਠ ਜੇ ਪਹਾੜੀ ਰਾਜੇ ਸਾਹਮਣੇ ਆਏ ਤਾਂ ਡਟ ਕੇ ਟਾਕਰਾ ਕੀਤਾ ਤੇ ਵਿਜੈ ਪ੍ਰਾਪਤ ਕੀਤੀ, ਪਰ ਜੇ ਉਨ੍ਹਾਂ ਰਾਜਿਆਂ ਨੂੰ ਮਦਦ ਦੀ ਲੋੜ ਪਈ, ਸ਼ਾਹੀ ਜ਼ੁਲਮ ਤੋਂ ਡਰਦੇ ਓਹ ਸਹਾਇਤਾ ਦੇ ਯਾਚਕ ਆ ਬਣੇ ਤਾਂ ਆਪ ਨੇ ਉਨ੍ਹਾਂ ਦੀ ਮਦਦ ਕੀਤੀ ਤੇ ਸ਼ਾਹੀ ਸੈਨਾ ਨਾਲ ਲੋਹਾ ਲਿਆ। ਮੁਗ਼ਲ ਹਕੂਮਤ ਨਾਲ ਮੁਸਲਮਾਨ ਹੋਣ ਕਰਕੇ ਵਿਰੋਧ ਨਹੀਂ ਸੀ ਪਰ ਉਨ੍ਹਾਂ ਦੇ ਜ਼ੁਲਮ ਕਰਕੇ ਸੀ, ਉਨ੍ਹਾਂ ਦਾ ਜੀਵਨ ਦੱਸਦਾ ਹੈ ਕਿ ਉਨ੍ਹਾਂ ਨੂੰ ਮੁਸਲਮਾਨਾਂ ਨਾਲ ਕੋਈ ਨਫਰਤ ਨਹੀਂ ਸੀ, ਪੰਜ ਸੌ ਪਠਾਨ ਸ਼ਰਨੀ ਆਏ ਤਾਂ ਨੌਕਰ ਰਖ ਲਏ, ਜੇ ਉਹ ਲੋੜ ਵੇਲੇ ਪਿਠ ਦੇ ਗਏ ਤਾਂ ਫਿਰ ਪੀਰ ਬੁੱਧੂ ਸ਼ਾਹ ਜੀ ਆਪਣੇ ਬੇਟਿਆਂ ਤੇ ਮੁਰੀਦਾਂ ਦੀ ਭਾਰੀ ਕੁਮਕ ਲੈ ਕੇ ਸਤਿਗੁਰ ਜੀ ਦੇ ਦਲ ਵਿਚ ਆ ਸ਼ਾਮਲ ਹੋਏ, ਤੇ ਅਨੇਕਾਂ ਮੁਰੀਦਾਂ ਤੇ ਪੀਰ ਜੀ ਦੇ ਪੁਤ੍ਰਾਂ ਨੇ ਸ਼ਹੀਦੀਆਂ ਪਾਈਆਂ। ਸੈਦ ਖਾਂ ਮੱਚੇ ਜੰਗ ਵਿਚ ਸ਼ਰਨ ਆਕੇ ਅਸੀਸ ਲੈਕੇ ਫਕੀਰ ਹੋਕੇ ਪਰਬਤਾਂ ਨੂੰ ਟੁਰ ਗਿਆ। ਇਬ੍ਰਾਹੀਮ ਸ਼ਰਨ ਆਕੇ ਅੰਮ੍ਰਿਤ ਛਕ ਕੇ 'ਅਜਮੇਰ ਸਿੰਘ' ਬਣਿਆ। ਸਹੀ ਹੁੰਦਾ ਹੈ ਕਿ ਓਹ ਆਪਣੀ ਬਾਣੀ ਨੂੰ ਕਿਸੇ ਖਾਸ ਇਕ ਮਤ ਫਿਰਕੇ ਯਾ ਮਜ਼ਹਬ ਤੇ ਸੀਮਿਤ ਨਹੀਂ ਸੀ ਰਖਣਾ ਚਾਹੁੰਦੇ, ਓਹ ਚਾਹੁੰਦੇ ਸਨ ਉਨ੍ਹਾਂ ਦੀ ਰਚਨਾਂ ਤੋਂ ਸਾਰੀ ਹਿੰਦੀ ਜਨਤਾ, ਸਾਰੀ ਮਨੁੱਖਤਾ ਸਿਖਯਾ ਪ੍ਰਾਪਤ ਕਰਕੇ ਆਣ, ਅਣਖ, ਗ਼ੈਰਤ ਵਿਚ ਜਾਗੇ ਤੇ ਓਹ ਵੀਰ ਰਸੀ ਜੋਧੇ ਬਣ ਕੇ ਆਪਣੀ ਰਖਯਾ ਕਰਨ ਨੂੰ ਆਪ ਸਮਰੱਥ ਹੋ ਜਾਣ ਤੇ ਹਮਲਾ ਆਵਰਾਂ ਅੱਗੇ ਲੰਮੇ ਪੈਕੇ ਆਪਣੀ ਪਾਣ ਪਤ ਉਨ੍ਹਾਂ ਦੇ ਪੈਰਾਂ ਵਿਚ ਨਾ ਰੁਲਾਉਣ ਤੇ ਨਾਲ ਹੀ ਨਿਰੰਕਾਰ ਦੇ ਨਾਮ ਦੀ ਡੋਰ ਫੜ ਕੇ ਉਸ ਨਾਲ ਜੁੜ ਕੇ ਮੋਖ ਦੇ ਅਧਿਕਾਰੀ ਬਣਨ। ਇਸ ਲਈ ਉਨ੍ਹਾਂ ਦੀ ਬਾਣੀ ਵਿਚੋਂ ਹਰ ਇਕ ਨੂੰ ਉਨ੍ਹਾਂ ਦੇ ਆਪਣੇ ਨਿਜੀ ਵਿਸ਼ਵਾਸ ਤੇ ਸਿਦਕ ਤੇ ਟੁਰਦਿਆਂ ਪਰਮਾਤਮਾ ਨਾਲ ਜੋਗ ਮਿਲੇ ਤੇ ਓਹ ਆਪ ਦੀ ਬਾਣੀ ਨੂੰ ਆਪਣੇ ਰਾਹਨੁਮਾ ਆਪਣੇ ਪੂਜ ਅਵਤਾਰਾਂ ਸ੍ਰੀ ਰਾਮ ਸ੍ਰੀ ਕ੍ਰਿਸ਼ਨ ਜੀ ਦੇ ਉਪਦੇਸ਼ ਸਮਝ ਕੇ ਜੀਵਨ ਸੁਧਾਰਨ ਤੇ ਦੇਸ਼ ਸਕਤੀਸ਼ਾਲੀ ਹੋਵੇ।

ਦਸਮ ਗੁਰੂ ਜੀ ਦੀ ਬਾਣੀ ਦੇ ਸ਼ੁਰੂ ਵਿਚ 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਦੇ ਲਫਜ਼ ਆਉਂਦੇ ਹਨ, ਏਹ ਕਲਗੀਧਰ ਪਾਤਸ਼ਾਹ ਜੀ ਨੇ ਆਪ ਨਹੀ



Sri Satguru Jagjit Singh Ji eLibrary NamdhariElibrary@gmail.com

ਲਿਖੇ ਪਰ ਭਾਈ ਮਨੀ ਸਿੰਘ ਜੀ ਨੇ, ਜੋ ਇਨ੍ਹਾਂ ਭੇਤਾਂ ਦੇ ਵਾਕਫ ਸਨ, ਲਿਖੇ ਹਨ। ਜਿਵੇਂ ਪਹਿਲੇ ਦੂਜੇ ਤੀਜੇ ਤੇ ਚੌਥੇ ਸਤਿਗੁਰੂ ਜੀ ਦੀ ਬਾਣੀ ਪਰ, ਬੀੜ ਬੱਝਣ ਤੋਂ ਪਹਿਲੇ, ਮਹਲਾ ਪਹਿਲਾ ਦੂਜਾ ਆਦਿ ਸੂਚਨਾਵਾਂ ਨਹੀਂ ਸਨ। ਏਹ ਪੰਚਮ ਪਾਤਸ਼ਾਹ ਜੀ ਨੇ ਆਦਿ ਬੀੜ ਦੀ ਸੰਕਲਨਾ ਵੇਲੇ ਆਪ ਬਾਣੀ ਸਹੀ ਕਰਕੇ ਮਹੱਲੇ ਲਿਖੇ ਤਾਕਿ ਗੁਰੂ ਸਾਹਿਬਾਂ ਦੀ ਬਾਣੀ ਅੱਡ ਅੱਡ ਜਾਣੀ ਜਾ ਸਕੇ। ਗੋਇੰਦਵਾਲ ਸਾਹਿਬ ਵਾਲੀਆਂ ਪੋਥੀਆਂ ਤੋਂ ਸਾਡੇ ਉਕਤ ਕਥਨ ਦੀ ਪ੍ਰੋੜਤਾ ਮਿਲ ਜਾਂਦੀ ਹੈ, ਪਰ ਭਾਈ ਮਨੀ ਸਿੰਘ ਜੀ ਨੇ ਜੋ ਬੀੜ ਆਦਿ ਤੇ ਦਸਮ ਦੀ ਇਕੱਠੀ ਤਿਆਰ ਕੀਤੀ ਸੀ, ਜਿਸ ਕਾਰਨ ਪੰਥ ਨੇ ਆਪ ਨੂੰ ਬੰਦ ਬੰਦ ਜੁਦੇ ਹੋਣ ਦਾ ਸਰਾਪ ਦਿਤਾ, ਉਸ ਵਿਚ ਮਹੱਲੇ ਨਹੀਂ ਪਰ ਪਾਤਸ਼ਾਹੀ ਪਹਿਲੀ, ਪਾਤਸ਼ਾਹੀ ਦੂਜੀ ਆਦਿ ਸੂਚਨਾਵਾਂ ਦਿਤੀਆਂ। ਇਸੇ ਤਰ੍ਹਾਂ ਦਸਮ ਗੁਰਬਾਣੀ ਦੇ ਸ਼ੁਰੂ ਵਿਚ 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਲਿਖਿਆ। ਅਕਾਲ ਉਸਤਤਿ ਬਾਣੀ ਦੀ ਜੋ ਨਕਲ ਭਾਈ ਮਨੀ ਸਿੰਘ ਜੀ ਨੂੰ ਮਿਲੀ ਉਸ ਉਤੇ ਉਨ੍ਹਾਂ ਨੇ ਦੇਖਿਆ ਕਿ ਉਸ ਦੇ ਆਰੰਭ ਵਿਚ ਕੁਝ ਸਤਰਾਂ "ਅਕਾਲ ਪੁਰਖ ਕੀ ਰਛਾ ਹਮਨੈ।। ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ।।" ਖਾਸ ਕਲਗੀਧਰ ਪਾਤਸ਼ਾਹ ਜੀ ਦੀ ਕਲਮ ਮੁਬਾਰਕ ਦੀ ਲਿਖਤ ਹਨ ਤੇ ਇਸ ਤੋਂ ਅਗੇ ਲਿਖਾਰੀ ਦੀ ਲਿਖਤ ਸ਼ੁਰੂ ਹੋ ਜਾਂਦੀ ਹੈ, ਸੋ ਭਾਈ ਮਨੀ ਸਿੰਘ ਜੀ ਨੇ ਉਪ੍ਰੋਕਤ ਸਤਰਾਂ ਦੇ ਸ਼ੁਰੂ ਵਿਚ ਸੂਚਨਾ ਦੇ ਦਿਤੀ "ਉਤਾਰ ਖਾਸੇ ਦਸਖਤ ਕਾ ਪਾਤਸ਼ਾਹੀ ੧੦" ਤੇ 'ਰਛਿਆ ਹਮਨੈਂ' ਵਾਲੇ ਵਾਕਾਂ ਦੇ ਅਖੀਰ ਜਿਥੋਂ ਲਿਖਾਰੀ ਦੀ ਲਿਖਤ ਸ਼ੁਰੂ ਹੁੰਦੀ ਸੀ ਲਿਖ ਦਿਤਾ "ਆਗੇ ਲਿਖਾਰੀ ਕੇ ਦਸਖਤ"। ਅਕਾਲ ਉਸਤੁਤਿ ਦੀ ਟੀਕਾ, ਜੋ ਇਨ੍ਹਾਂ ਅਖਰਾਂ ਦੇ ਲੇਖਕ ਪਾਸੋਂ ਸਤਿਗੁਰਾਂ ਨੇ ਕਰਵਾਈ ਸੀ, ਉਸ ਦੇ ਸ਼ੁਰੂ ਵਿਚ ਇਹ ਗਲ ਖੋਲ੍ਹ ਕੇ ਲਿਖ ਦਿਤੀ ਗਈ ਸੀ; ਕਿ ਗੁਰੂ ਜੀ ਦੇ ਖਾਸ ਦਸਖਤ ਪਿਛੋਂ ਲਿਖਾਰੀ ਦੀ ਲਿਖਤ ਕਿਉਂ ਸ਼ੁਰੂ ਹੋਈ? ਇਹ ਇਸ ਲਈ ਨਹੀਂ ਕਿ ਗੁਰੂ ਜੀ ਆਪ ਆਰੰਭ ਕਰਕੇ ਅਗੋਂ ਬੋਲ ਬੋਲ ਕੇ ਲਿਖਾਰੀ ਤੋਂ ਲਿਖਾਂਦੇ ਰਹੇ ਸਨ, ਨਹੀਂ। ਅਤੀ ਤੇਜ਼ ਪ੍ਰਵਾਹ ਵਿਚ ਲਿਖਣ ਵਾਲੇ ਖ਼ੁਦ ਰਚਣਹਾਰ ਆਪ ਹੀ ਤੇਜ਼ ਲਿਖ ਸਕਦੇ ਹਨ, ਉਨ੍ਹਾਂ ਦੇ ਤੇਜ਼ ਪ੍ਰਵਾਹ ਨਾਲ ਕੋਈ ਲਿਖਾਰੀ ਨਹੀਂ ਟੁਰ ਸਕਦਾ। ਗੁਰੂ ਜੀ ਦੀ ਬਾਣੀ ਦੀ ਮਾਤ੍ਰਾ ਦੱਸਦੀ ਹੈ ਕਿ ਆਪ ਵਾਕਈ ਅਤੀ ਤੇਜ਼ ਪ੍ਰਵਾਹ ਵਿਚ ਰਚਣ ਤੇ ਲਿਖਣ ਵਾਲੇ ਸਨ। ਜਾਪਦਾ ਹੈ ਕਿ ਕਲਗੀਧਰ ਪਾਤਸ਼ਾਹ ਨੇ ਅਕਾਲ ਉਸਤੁਤਿ ਚੌਪਈਂ "ਪ੍ਰਣਵੋ ਆਦਿ ਏਕੰਕਾਰਾ" ਤੋਂ ਸ਼ੁਰੂ ਕਰਕੇ ਸਮਗ੍ਰ ਲਿਖੀ ਤੇ ਫਿਰ ਲਿਖਾਰੀ ਨੂੰ ਦਿਤੀ ਕਿ ਉਤਾਰਾ ਕਰੇ। ਉਸ ਨੇ ਪੱਤਰੇ ਨਕਲ ਲਈ ਤਿਆਰ ਕਰਕੇ ਹਜ਼ੂਰ ਦੇ ਅਗੇ ਪੇਸ਼ ਕੀਤੇ ਕਿ ਆਪ ਸ਼ੁਭਾਰੰਭ ਕਰ ਦਿਓ, ਤਾਂ ਸਤਿਗੁਰੂ ਜੀ ਨੇ 'ਰਛਿਆ ਹਮਨੈਂ' ਵਾਲੇ ਲਫ਼ਜ਼ ਲਿਖ ਕੇ ਲਿਖਾਰੀ ਨੂੰ ਦੇ ਦਿਤੇ ਕਿ ਅਗੇ ਕਰੋ ਉਤਾਰਾ।



Sri Satguru Jagjit Singh Ji eLibrary NamdhariElibrary@gmail.com

ਘੁੰਤਰੀ ਤੇ ਤਰਕ ਵਿਤਰਕ ਦੇ ਸ਼ੌਕੀਨ ਮਨ ਚੰਗੀ ਤੋਂ ਚੰਗੀ ਚੀਜ਼ ਪਰ ਬੀ ਤਰਕਾਂ ਕਰ ਸਕਦੇ, ਐਬ ਚੁਣ ਸਕਦੇ ਤੇ ਨਿੰਦਜਾ ਦੇ ਪੁਲ ਬੰਨ੍ਹ ਸਕਦੇ ਹਨ ਪਰ ਬੜਾ ਔਖਾ ਹੈ ਕਿਸੇ ਬਾਣੀ ਦੇ ਰਚਨਹਾਰ ਦੇ ਹਿਰਦੇ ਦੀ ਮੁਤਾਲਿਆ ਕਰਕੇ ਉਸਦੇ ਨਜ਼ਰੀਏ ਤੇ ਖੜੋਕੇ ਫਿਰ ਉਸ ਦੀ ਰਚਨਾ ਦਾ ਮੁੱਲ ਪਾ ਸਕਣਾ। ਦੂਸਰੇ ਮਜ਼ਹਬਾਂ ਵਾਲੇ ਤਾਂ ਆਪਣੇ ਮਤ ਦੀ ਕੋਈ ਜੇ ਛਿਦ੍ਰ ਵਾਲੀ ਗਲ ਦੇਖਦੇ ਬੀ ਹਨ ਤਾਂ ਉਸ ਨੂੰ ਅਉਗੁਣ ਨਹੀਂ ਪਰ ਗੁਣ ਪ੍ਰਗਟ ਕਰਦੇ ਹਨ, ਪਰ ਸ਼ੋਕ ਹੈ ਸਾਡੇ ਵਿਦਵਾਨਾਂ ਤੇ ਜੋ ਘਰ ਨੂੰ ਸੰਭਾਲਣ ਤੇ ਪੱਕਾ ਕਰਨ ਦੀ ਥਾਂਵੇਂ ਇਸ ਦੀਆਂ ਜੜ੍ਹਾਂ ਆਪਣੀ ਹੱਥੀਂ ਕਹੀਆਂ ਕੁਹਾੜੀਆਂ ਲੈ ਕੇ ਫਰੋਲਣਾ ਆਪਣੀ ਵਿਦਵਤਾ ਤੇ ਬਹਾਦਰੀ ਸਮਝਦੇ ਹਨ। ਅਕਾਲ ਪੁਰਖ ਸਾਨੂੰ ਸਭਨਾਂ ਨੂੰ ਸੁਮਤਿ ਬਖਸ਼ੇ।



Sri Satguru Jagjit Singh Ji eLibrary NamdhariElibrary@gmail.com

# ੭. ਬਿਨ ਏਕ ਨਾਮ ਆਧਾਰ॥
# ਸਭ ਕਰਮ ਭਰਮ ਵਿਚਾਰ॥

'ਬਚਿਤ੍ਰ ਨਾਟਕ' ਸੰਬੰਧੀ ਜੋ ਹੋਰ ਲੇਖ ਨਜ਼ਰੋਂ ਲੰਘੇ ਹਨ, ਜਿਨ੍ਹਾਂ ਨੇ ਬਚਿਤ੍ਰ ਨਾਟਕ ਵਿਚ ਆਈਆਂ ਕੁਝ ਗਲਾਂ ਤੇ ਉਟੰਕਣ ਕਰਕੇ ਇਸ ਨੂੰ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ 'ਬਚਿਤ੍ਰ ਨਾਟਕ' ਗੁਰੂ ਕ੍ਰਿਤ ਨਹੀਂ, ਯਾ ਇਸ ਵਿਚ ਰਲੇ ਪਾਏ ਗਏ ਹਨ, ਉਨ੍ਹਾਂ ਵਿਚੋਂ ਇਕ ਟ੍ਰੈਕਟ ਹੈ, "ਬਚਿਤ੍ਰ ਨਾਟਕ ਪਰ ਵੀਚਾਰ ਗੁਰਮਤ ਨੂੰ ਮੁੱਖ ਰੱਖ ਕੇ" ਇਸ ਦੇ ਲੇਖਕ ਹਨ ਸ੍ਰੀ ਮਾਨ ਡਾਕਟਰ ਕਰਤਾਰ ਸਿੰਘ ਜੀ ਬਾੜੀ।

ਡਾਕਟਰ ਜੀ ਇਸ ਟ੍ਰੈਕਟ ਦੇ ਆਰੰਭ ਵਿਚ ਹੀ ਲਿਖਦੇ ਹਨ:-

"ਬਚਿਤ੍ਰ ਨਾਟਕ ਵਿਚ ਕੁਝ ਮੂਲਕ ਸਿੱਧਾਂਤਾਂ ਦੇ ਵਿਰੁੱਧ, ਕਿਸੇ ਚਾਲਾਕ ਵੇਦ ਉਪਾਸ਼ਕ, ਗੁਰਮਤਿ ਵਿਰੋਧੀ ਨੇ, ਗੁਰੂ ਦਸਮ ਪਾਤਸ਼ਾਹ ਜੀ ਦੀ ਛਾਪ ਹੇਠ, ਕੁਝ ਲੇਖ ਲਿਖ ਕਰ ਪਿਛੋਂ ਵਿਚ ਪਾ ਦਿੱਤੇ ਹਨ, ਅਤੇ ਏਸ ਤਰ੍ਹਾਂ ਸਿੱਖੀ ਦੇ ਸਿੱਧਾਂਤਾਂ ਤੇ ਕਰਾਰੀ ਸੱਟ ਮਾਰੀ ਹੈ।

"ਓਹ ਮੂਲਕ ਸਿੱਧਾਂਤ ਕੀਹ ਹਨ ਤੇ ਉਨ੍ਹਾਂ ਉਤੇ ਕਿਸ ਤਰ੍ਹਾਂ ਸੱਟ ਮਾਰੀ ਹੈ? ਇਹ ਵੀਚਾਰ ਇਸ ਲੇਖ ਵਿਚ ਨਿਰੂਪਣ ਹੈ।

"ਗੁਰਮਤਿ ਵਿਚ ਤਪ ਸਾਧਣੇ, ਵਰਤ ਰਖਣੇ, ਤੀਰਥ ਇਸ਼ਨਾਨ ਤੇ ਪੁੰਨ ਦਾਨ ਅਤੇ ਹੋਰ ਅਨੇਕ ਕਰਮ ਕਾਂਡ ਖੰਡਨ ਹਨ।"

ਅੱਗੇ ਚਲਕੇ ਫੇਰ ਡਾਕਟਰ ਜੀ ਲਿਖਦੇ ਹਨ-

(੧) "ਜਪ-ਤਪ ਸਾਧਨੇ, ਪੁੰਨ ਦਾਨ, ਤੀਰਥ ਇਸ਼ਨਾਨ ਇਤਯਾਦਿਕ ਕਰਮ ਕਰਨੇ ਗੁਰਮਤਿ ਵਿਚ ਖੰਡਨ ਹਨ।"

ਡਾਕਟਰ ਸਾਹਿਬ ਦੱਸਦੇ ਹਨ ਕਿ ਗੁਰਮਤਿ ਵਿਚ ਜਪ-ਤਪ, ਪੁੰਨ ਦਾਨ, ਤੀਰਥ ਇਸ਼ਨਾਨ ਆਦਿ ਕਰਮਾਂ ਦਾ ਖੰਡਨ ਹੈ। ਕਿਸੇ ਹੱਦ ਤਕ ਤਾਂ ਹੈ ਪਰ ਸਮੁੱਚੇ ਤੌਰ ਤੇ ਨਹੀਂ। ਜੇ ਡਾਕਟਰ ਜੀ ਦਾ ਖਿਆਲ ਹੈ ਕਿ ਸਮੁੱਚੇ ਤੌਰ ਤੇ ਖੰਡਨ ਹੈ ਤਾਂ ਅਸੀਂ ਬੇਨਤੀ ਕਰਾਂਗੇ ਕਿ ਉਨ੍ਹਾਂ ਦਾ ਖ਼ਿਆਲ ਦਰੁਸਤ ਨਹੀਂ, ਜੇ ਉਨ੍ਹਾਂ ਦਾ ਖ਼ਿਆਲ ਹੋਰ ਹੈ ਤਾਂ ਉਨ੍ਹਾਂ ਨੇ ਆਪਣੇ ਲੇਖ ਵਿਚ ਵਿਤ੍ਰੇਕਵੀਂ ਵੰਡ ਕਰਕੇ ਨਹੀਂ ਦਿਖਾਇਆ ਕਿ ਕਿਸ ਰੂਪ ਵਿਚ ਖੰਡਨ ਹੈ ਤੇ ਕਿਸ ਰੂਪ ਵਿਚ ਨਹੀਂ। ਆਓ ਅਸੀਂ ਕੁਝ ਵਿਤ੍ਰੇਕਵੀਂ ਵੰਡ ਕਰਕੇ ਸਪਸ਼ਟ ਸਮਝਣ ਦਾ ਯਤਨ ਕਰੀਏ।



Sri Satguru Jagjit Singh Ji eLibrary NamdhariElibrary@gmail.com

ਖੰਡਨ ਕਿਸ ਰੂਪ ਵਿਚ ਹੈ? ਕਿਸੇ ਦੇਵੀ ਦੇਵਤੇ ਦੇ ਮੰਤ੍ਰਾਂ ਦਾ ਜਪ, ਸੂਰਜ, ਚੰਦ, ਅਗਨੀ, ਹਨੂਮਾਨ, ਗਰੜ, ਭੈਰੋਂ, ਆਦਿ ਦੇ ਮੰਤ੍ਰਾਂ ਦਾ ਜਪ ਖੰਡਨ ਹੈ, ਕਰਤਾਰ ਨੂੰ ਛੱਡਕੇ ਉਸਦੇ ਕੀਤਿਆਂ ਦੀ ਪੂਜਾ ਆਰਾਧਨਾ ਫੋਕਟ ਹੈ। ਇਸੇ ਤਰ੍ਹਾਂ ਤਪ ਬੀ ਓਹ ਖੰਡਨ ਹੈ ਜੈਸਾ ਕਿ ਇਕ ਟੰਗ ਦੇ ਭਾਰ ਖੜੋਕੇ ਤਪ ਕਰਨਾ, ਸਿਆਲੇ ਠੰਢੇ ਪਾਣੀ ਵਿਚ ਤੇ ਹੁਨਾਲੇ ਧੂਣੀਆਂ ਤਪਾਕੇ ਵਿਚ ਬੈਠ ਸਰੀਰ ਨੂੰ ਕਸ਼ਟ ਦੇਣਾ ਜਾਂ ਲੰਮੀ ਉਮਰਾ ਕਰਨ ਲਈ ਹਠ ਯੋਗ ਦੇ ਸਾਧਨ ਕਰਨੇ ਆਦਿ। ਪੁੰਨ ਦਾਨ ਓਹ ਫੋਕਟ ਹਨ ਜਿਨ੍ਹਾਂ ਨਾਲ ਹਉਮੈ ਹੰਕਾਰ ਨਾਲ ਮਨ ਦੀ ਮੈਲ ਵਧੇ, ਪੁੰਨੀ ਤੇ ਦਾਨੀ ਸਦਾਉਣ ਹਿਤ ਬਿਨਾਂ ਲੋੜਵੰਦ ਵਿਚਾਰੇ ਦੇ ਅੰਨ੍ਹੇਵਾਹ ਪੁੰਨ ਦਾਨ ਕਰੇ। ਇਸੇ ਤਰ੍ਹਾਂ ਤੀਰਥ ਇਸ਼ਨਾਨ ਜੇ ਮਨ ਪਾਪਾਂ ਦੀ ਮੈਲਾਂ ਨਾਲ ਭਰਿਆ ਲੈਕੇ ਕੇਵਲ ਤੀਰਥ ਵਿਚ ਟੁੱਭਾ ਲਾ ਲੈਣ ਨਾਲ ਇਸ਼ਨਾਨੀ ਇਹ ਸਮਝੇ ਕਿ ਤੀਰਥ ਇਸ਼ਨਾਨ ਕਰਕੇ ਸਾਰੇ ਪਾਪ ਧੋ ਲਏ ਹਨ ਤੇ ਮਗਰੋਂ ਫੇਰ ਉਨ੍ਹਾਂ ਹੀ ਪਾਪਾਂ ਵਿਚ ਪ੍ਰਵਿਰਤ ਹੋ ਰਹੇ ਤਾਂ ਇਹ ਤੀਰਥ ਇਸ਼ਨਾਨ ਨਿਸ਼ਫਲ ਹੈ, ਕਿਉਂਕਿ ਮਨ ਕੀ ਮੈਲ ਨ ਤਨ ਤੇ ਜਾਤਿ।

ਐਸੇ ਜਪ,ਤਪ, ਪੁੰਨ ਦਾਨ, ਤੀਰਥ ਇਸ਼ਨਾਨ, ਜੇ ਇਨ੍ਹਾਂ ਵਿਚ ਕੋਈ ਬੁਰਿਆਈ ਬੀ ਨਹੀਂ ਤਦ ਬੀ ਇਨ੍ਹਾਂ ਦੀ ਕੀਮਤ ਸਿਫਰ ਦੇ ਬਰਾਬਰ ਹੈ* ਤੇ ਪ੍ਰਾਣੀ ਦੇ ਪ੍ਰਲੋਕ ਦੇ ਰਾਹ ਵਿਚ ਇਹ ਉਰੇ ਹੀ ਲੁਟੇ ਜਾਂਦੇ ਹਨ। ਹਾਂ, ਏਹ ਕਰਮ ਜੋ ਕੇਵਲ ਪਖੰਡ ਰੂਭ ਹਨ ਇਨ੍ਹਾਂ ਨੂੰ ਜਮ ਦੇ ਦੂਤ ਰਾਹ ਵਿਚ ਹੀ ਲੁਟ ਲੈਂਦੇ ਹਨ, 'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ', (ਸੂਹੀ ਮ: ੫ ਪੰਨਾ ੭੪੭) ਪਰ ਇਸ ਦੇ ਉਲਟ ਜਿਥੇ ਨਾਮ ਦਾ ਜਾਪ ਹੈ, ਹਰੀ ਕੀਰਤਨ ਨਿਤ ਹੁੰਦਾ ਹੈ ਜਿਸ ਨਾਲ ਮਨਾਂ ਦੀ ਮੈਲ ਧੋਪਦੀ ਹੈ ਓਥੇ ਤਾਂ ਜਮਰਾਜ ਬੀ ਆਪਣੇ ਦੂਤਾਂ ਨੂੰ ਕਹਿੰਦਾ ਹੈ: ਖਬਰਦਾਰ! ਤੁਸਾਂ ਓਥੇ ਨਹੀਂ ਜਾਣਾ, ਜੇ ਜਾਓਗੇ ਤਾਂ ਨਾ ਮੈਂ ਛੁਟਾਂਗਾ ਤੇ ਨਾ ਤੁਸੀਂ ਛੁਟੋਗੇ:–

ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ।।
*(ਗਉੜੀ ਬਾਵਨ ਅਖਰੀ ਮ: ੫ ਪੰਨਾ ੨੫੬)*

ਹਾਂ, ਜਪ ਤਪ ਪੁੰਨ ਦਾਨ ਤੀਰਥ ਇਸ਼ਨਾਨ ਸਮੁੱਚੇ ਤੌਰ ਤੇ ਖੰਡਨ ਨਹੀਂ ਕੀਤੇ ਗਏ।

ਫੋਕਟ ਕਰਮ ਦਾ ਰੂਪ ਦਸਮ ਪਾਤਸ਼ਾਹ ਨੇ ਆਪ ਇਹ ਦੱਸਿਆ ਹੈ:–

ਜੇ ਜੇ ਜਗ ਕੋ ਡਿੰਭ ਦਿਖਾਵੈਂ।।
ਲੋਗਨ ਮੂੰਡ ਅਧਿਕ ਸੁਖ ਪਾਵੈਂ।।

---

* ਨਾਮ ਦਾ ਏਕਾ ਨਾਲ ਲਗ ਜਾਏ ਤਾਂ ਉਸ ਦੀ ਕੀਮਤ ਦਸ ਗੁਣੀ ਹੋ ਜਾਂਦੀ ਹੈ।



Sri Satguru Jagjit Singh Ji eLibrary NamdhariElibrary@gmail.com

ਨਾਸਾ ਮੂੰਦਿ ਕਰੈ ਪਰਣਾਮੰ।।
ਫੋਕਟ ਧਰਮ ਨ ਕਉਡੀ ਕਾਮੰ।।

*(ਬਚਿਤ੍ਰ ਨਾਟਕ ੬–੫੭)*

ਅਤੇ ਫੇਰ ਫੁਰਮਾਇਆ ਹੈ:–

ਸਭ ਕਰਮ ਫੋਕਟ ਜਾਨ।। ਸਭ ਧਰਮ ਨਿਹਫਲ ਮਾਨ।।
ਬਿਨ ਏਕ ਨਾਮ ਆਧਾਰ।। ਸਭ ਕਰਮ ਭਰਮ ਵਿਚਾਰ।।

*(ਅਕਾਲ ਉਸਤਤ–੫੦)*

ਘੁੰਡੀ ਤੀਜੀ ਤੁਕ ਵਿਚ ਹੈ ਕਿ ਇਕ ਨਾਮ ਤੋਂ ਬਿਨਾ ਜੋ ਜਪ ਹੈ ਫੋਕਟ ਹੈ, ਨਾਮ ਤੋਂ ਬਿਨਾ ਤਪ ਨਿਰਾਰਥ ਹੈ, ਬਿਨਾ ਨਾਮ ਪੁੰਨ ਦਾਨ ਤੀਰਥ ਇਸ਼ਨਾਨ ਕਰਮ ਧਰਮ ਕੇਵਲ ਪਖੰਡ ਰੂਪ ਹਨ, ਪਰ ਜੇ ਨਾਮ ਦਾ ਲੜ ਫੜਿਆ ਹੋਇਆ ਹੈ ਜੋ ਨਾਮ ਕਿ ਨਿਰੰਕਾਰ ਨਾਲ ਜੋੜਨ ਵਾਲਾ ਹੈ ਤਾ ਉਪ੍ਰੋਕਤ ਸਾਰੇ ਜਪ, ਤਪ, ਤੀਰਥ ਇਸ਼ਨਾਨ ਪੁੰਨ ਦਾਨ, ਸ਼ੁਭ ਕਰਮ ਸਭ ਸਫਲ ਹਨ। ਨਾਮ ਅੰਦਰ ਦੀ ਮੈਲ ਹਰਦਾ, ਹਉਮੈਂ ਤੋਂ ਉੱਚਾ ਰਖਕੇ ਰੋਸ਼ਨੀ ਬਖ਼ਸ਼ਦਾ ਤੇ ਗੁਰਮਤ ਦੀ ਸੇਧ ਤੇ ਟੋਰਦਾ ਹੈ, ਫਿਰ ਉਸ ਕੋਲੋਂ ਜੋ ਬੀ ਐਸੇ ਕਰਮ ਹੁੰਦੇ ਹਨ ਸਭ ਸਫਲ ਹਨ। ਓਹ ਫੋਕਟ ਨਹੀਂ ਰਹਿਣਗੇ, ਕਿਉਂਕਿ ਓਹ ਪਖੰਡ ਰੂਪ ਨਹੀਂ ਹੋਣਗੇ।

ਗੁਰਮਤ ਵਿਚ 'ਜਪ' ਫੋਕਟ ਨਹੀਂ, ਸਗੋਂ ਸਭ ਤੋਂ ਉਤਮ ਤੇ ਨਿਰਮਲ ਕਰਨੀ ਦੱਸੀ ਹੈ। ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਵਿਚ ਫੁਰਮਾਉਂਦੇ ਹਨ:–

ਜਪਿ ਜਨ ਸਦਾ ਸਦਾ ਦਿਨੁ ਰੈਣੀ।।
ਸਭ ਤੇ ਊਚ ਨਿਰਮਲ ਇਹ ਕਰਣੀ।।

*(ਸੁਖਮਨੀ ਪੰਨਾ ੨੮੩)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਸਿਖਾਂ ਦੇ ਜਪ ਕਰਨ ਲਈ ਇਕ ਬਾਣੀ ਹੀ ਰਚ ਦਿਤੀ ਤੇ ਉਸਦਾ ਨਾਮ ਹੀ 'ਜਪ' ਰਖਿਆ। ਜੇ ਸਮੁੱਚੇ ਤੌਰ ਤੇ ਜਪ ਦਾ ਖੰਡਨ ਹੁੰਦਾ ਤਾਂ ਇਹ ਪਵਿਤ੍ਰ ਬਾਣੀ ਸਿਖਾਂ ਨੂੰ ਕਿਵੇਂ ਬਖਸ਼ਦੇ ਜੋ ਕਿ ਸਿਖਾਂ ਦੇ ਨਿਤ ਨੇਮ ਦੀ ਬਾਣੀ ਹੈ।

ਜਪਿ ਗੋਬਿੰਦੁ ਗੋਪਾਲ ਲਾਲੁ।।
ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ।।

*(ਰਾਮਕਲੀ ਮ: ੫ ਪੰਨਾ ੮੮੫)*



Sri Satguru Jagjit Singh Ji eLibrary NamdhariElibrary@gmail.com

ਕੀ ਇਸ ਗੁਰ ਵਾਕ ਵਿਚ 'ਜਪ' ਦਾ ਖੰਡਨ ਹੈ? ਨਹੀਂ, ਜਪ ਕਰਨ ਦੀ ਤਾਕੀਦ ਭਰੀ ਪ੍ਰੇਰਨਾ ਹੈ।

ਤਪ ਕਰਦਿਆਂ ਸਰੀਰ ਨੂੰ ਕਸ਼ਟ ਦੇਣਾ, ਪਰ ਨਾਮ ਦਾ ਲੜ ਫੜਕੇ ਸਾਂਈਂ ਨਾਲ ਨਾ ਜੁੜਨਾ ਪਖੰਡ ਰੂਪ ਤਪ ਹੈ, ਇਸ ਦਾ ਕੋਈ ਲਾਭ ਨਹੀਂ, ਪਰ ਜੇ ਕੋਈ ਨਾਮ ਦਾ ਲੜ ਫੜਕੇ ਨਿਰੰਕਾਰ ਨਾਲ ਏਕਾਂਤ ਸਿਮਰਨ ਦੁਆਰਾ ਜੁੜਦਾ, ਸਮਾਧੀ ਸਥਿਤ ਹੁੰਦਾ ਹੈ ਤਾਂ ਉਸ ਦਾ ਇਹ ਤਪ ਸਫਲ ਹੈ, ਜਾਇਜ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੇ ਤਪ ਕੀਤੇ, ਭਾਈ ਗੁਰਦਾਸ ਦੀ ਸਾਖ ਅਸੀਂ ਪਿਛੇ ਤੀਸਰੇ ਲੇਖ ਵਿਚ ਦੇ ਆਏ ਹਾਂ, ਤਪਿਆਣਾ ਸਾਹਿਬ ਗੁਰਧਾਮ ਇਸੇ ਤਪ ਦੀ ਸਾਖ ਭਰਦਾ ਹੈ। ਪੰਚਮ ਪਾਤਸ਼ਾਹ ਜੀ ਨੇ ਆਪ ਬੀ ਲਿਖਿਆ ਹੈ 'ਮੈ ਕੀਏ ਕਰਮ ਅਨੇਕਾਂ', ਉਨ੍ਹਾਂ ਦੇ ਕਰਮ ਫੋਕਟ ਨਹੀਂ ਕਹੇ ਜਾ ਸਕਦੇ। ਉਸੇ ਸ਼ਬਦ ਵਿਚ ਆਪਣੇ ਤੋਂ ਛੁਟ ਹੋਰਨਾਂ ਨੂੰ ਕਰਮ ਕਰਦੇ ਦੇਖਿਆ ਤੇ ਦਸਿਆ ਕਿ ਨਾਮ ਤੇ ਹਰੀ ਦੀ ਸਿਫਤ ਸਲਾਹ ਹੋਰ ਕਰਮਾਂ ਦੇ ਸਿਰ ਕਰਮ, ਸ਼ਰੋਮਣੀ ਕਰਮ ਹਨ 'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ।' (ਸੋ: ਮ: ੫ ਪੰਨਾ ੬੪੨) ਪਰ ਹੈਨ ਏਹ ਬੀ ਕਰਮ।

ਨੌਵੇਂ ਪਾਤਸ਼ਾਹ ਜੀ ਨੇ ਲਗਪਗ ਸਾਰੀ ਆਯੂ ਏਕਾਂਤ ਵਾਸ ਵਿਚ ਤਪ ਕੀਤੇ ਹਨ। ਉਸ ਪੂਜਨੀਕ ਤਪੋ ਮੂਰਤੀ ਦੇ ਹਰ ਇਕ ਗੁਰਧਾਮ ਵਿਚ ਭੋਰੇ ਸਾਹਿਬ ਬਣੇ ਹੋਏ ਹਨ, ਜੋ ਇਸ ਗਲ ਦੀ ਨਿਸ਼ਾਨੀ ਹਨ ਕਿ ਆਪ ਸਦਾ ਸਿਮਰਨ ਲਿਵਲੀਨ ਸਮਾਧੀ ਸਥਿਤ ਸਾਂਈਂ ਰੰਗ ਰਤੇ ਤਪ ਕਰਦੇ ਰਹਿੰਦੇ ਸਨ।

ਦਾਤੇ ਦੀ ਬਖਸ਼ੀ ਦਾਤ ਵਿਚੋਂ ਲੋੜਵੰਦਾਂ ਦੀਆਂ ਲੋੜਾਂ ਪੂਰਨ ਕਰਨੀਆਂ ਤੇ ਇਸ ਨੂੰ ਉਸ ਦਾਤੇ ਵਲੋਂ ਮਿਲੇ ਫਰਜ਼ ਦੀ ਪੂਰਤੀ ਸਮਝਣਾ ਤੇ ਮਾਨ ਹੰਕਾਰ ਵਿਚ ਨਾ ਆਉਣਾ ਕਿ ਮੈਂ ਪੁੰਨੀ ਹਾਂ, ਦਾਨੀ ਹਾਂ, ਤਾਂ ਇਹ ਪੁੰਨ ਦਾਨ ਸਫਲ ਹੈ। ਇਹ ਫੋਕਟ ਨਹੀਂ। ਗੁਰੂ ਨਾਨਕ ਦੇਵ ਜੀ ਨੇ ਤਾਂ ਖੱਤ੍ਰੀ ਯਾ ਛੱਤ੍ਰੀ ਦਾ ਇਹ ਪੁੰਨ ਦਾਨ ਕਰਨਾ ਧਰਮ ਦਸਦਿਆਂ ਦਰਗਾਹੇ ਉਸਦੀ ਪ੍ਰਵਾਨਗੀ ਕਥਨ ਕੀਤੀ ਹੈ:—

ਖਤ੍ਰੀ ਸੋ ਜੁ ਕਰਮਾ ਕਾ ਸੂਰੁ।। ਪੁੰਨ ਦਾਨ ਕਾ ਕਰੈ ਸਰੀਰੁ।।
ਖੇਤੁ ਪਛਾਣੈ ਬੀਜੈ ਦਾਨੁ।। ਸੋ ਖਤ੍ਰੀ ਦਰਗਹ ਪਰਵਾਣੁ।।

*(ਸਲੋਕ ਵਾਰਾਂ ਤੇ ਵਧੀਕ ਮ: ੧–੧੭, ਪੰਨਾ ੧੪੧੧)*

ਗੁਰੂ ਨਾਨਕ ਦੇਵ ਜੀ ਦੀ ਹੀ ਬਾਣੀ ਦੱਸਦੀ ਹੈ ਕਿ ਗ੍ਰਿਹਸਤੀ ਦਾ ਬੀ ਪੁੰਨ ਦਾਨ ਸ਼ੁਭ ਲਛਣ ਹੈ:—



Sri Satguru Jagjit Singh Ji eLibrary NamdhariElibrary@gmail.com

ਪੁੰਨ ਦਾਨ ਕਾ ਕਰੇ ਸਰੀਰੁ।। ਸੋ ਗਿਰਹੀ ਗੰਗਾ ਕਾ ਨੀਰੁ।।

*(ਰਾ: ਕ: ਵਾਰ ੩ ਪੰਨਾ ੯੫੨)*

ਇਸੇ ਤਰ੍ਹਾਂ ਸ਼ੁਭ ਕਰਮਾਂ ਯਾ ਸੁਕ੍ਰਿਤ ਕਰਮਾਂ ਵਲੋਂ ਵਰਜਣਾ ਨਹੀਂ ਹੈ, ਸ਼ੁਭ ਕਰਮ ਨਿਜ ਲਈ ਤੇ ਹੋਰਨਾਂ ਲਈ ਸੁਖਦਾਈ ਹਨ। ਦਸਮ ਪਾਤਸ਼ਾਹ ਆਪ ਫੁਰਮਾਉਂਦੇ ਹਨ: 'ਸੁਭ ਕਰਮਨ ਤੇ ਕਬਹੂੰ ਨ ਟਰੋਂ।।'

ਧਰਮ ਦਾ ਅਰਥ ਫਰਜ਼ ਬੀ ਹੈ ਤੇ ਮਤ ਯਾ ਮਜ਼ਹਬ ਬੀ, ਜੇ ਕੋਈ ਧਰਮ ਕੋਈ ਮਜ਼ਹਬ ਕਰਤਾਰ ਨਾਲ ਜੋੜਦਾ ਨਹੀਂ ਤਾਂ ਉਹ ਪਾਖੰਡ ਰੂਪ ਹੈ, ਪਰ ਜੋ ਨਾਮ ਦਾ ਪੱਲਾ ਫੜ ਕੇ ਕਰਤਾਰ ਨਾਲ ਗੰਢ ਪਾ ਦਿੰਦਾ ਹੈ ਉਹ ਧਰਮ ਮਾਨਯੋਗ ਹੈ ਸਫਲ ਹੈ।

ਇਸੇ ਤਰ੍ਹਾਂ ਤੀਰਥ ਇਸ਼ਨਾਨ ਦਾ ਸਮੁੱਚੇ ਤੌਰ ਤੇ ਖੰਡਨ ਨਹੀਂ। ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:–

'ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ।।
ਅਠਸਠਿ ਤੀਰਥ ਜੇ ਨਾਵਹਿ ਉਤਰਹਿ ਨਾਹੀ ਮੈਲੁ।।

*(ਆਸਾ ਮ: ੧, ਪੰਨਾ ੪੭੩)*

ਕਿਉਂਕਿ ਇਹ ਤੀਰਥ ਇਸ਼ਨਾਨ ਫੋਕਟ ਹੈ, ਪਰ ਇਸ ਦੇ ਉਲਟ:–

ਜਿਨ੍ਹ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ।।
ਤਿਨ੍ਹ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ।।

*(ਵਾਰ ਆਸਾ ਮ: ੧–੨੦, ਪੰਨਾ ੪੭੩)*

ਰੱਬ ਦੇ ਨੇਹੁੰ ਦੇ ਰੰਗ ਵਿਚ ਤੀਰਥ ਇਸ਼ਨਾਨ ਸਫਲ ਹੈ, ਜੇ ਤੀਰਥ ਇਸ਼ਨਾਨ ਸਮੁੱਚੇ ਤੌਰ ਤੇ ਖੰਡਨ ਹੁੰਦਾ ਤਾਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੀਰਥ ਰਾਜ ਸ੍ਰੀ ਅੰਮ੍ਰਿਤ ਸਰੋਵਰ ਤੇ ਪੰਚਮ ਪਾਤਸ਼ਾਹ ਸ੍ਰੀ ਤਰਨ ਤਾਰਨ ਸਾਹਿਬ ਦੇ ਵਿਸ਼ਾਲ ਤੀਰਥ ਕਦੀ ਨਾ ਰਚਦੇ, ਜਿਥੇ ਹਰ ਸਾਲ ਲੱਖਾਂ ਕਰੋੜਾਂ ਪ੍ਰਾਣੀ ਇਸ਼ਨਾਨ ਕਰਦੇ, ਨਾਮ ਦੀ ਧੁਨੀ ਕੰਨੀ ਪੈਂਦੀ, ਕਰਤਾਰ ਦੀ ਸਿਫਤ ਸਲਾਹ ਵਿਚ ਉਚੇ ਉਠਦੇ ਤੇ ਜਨਮ ਸੰਵਾਰਦੇ ਹਨ। ਸਾਡਾ ਵਿਸ਼ਵਾਸ ਹੈ ਕਿ ਸਾਡੇ ਸ਼ੰਕਾਵਾਦੀ ਵੀਰਾਂ ਨੇ ਬੀ ਇਨ੍ਹਾਂ ਤੀਰਥਾਂ ਤੇ ਜ਼ਰੂਰ ਇਸ਼ਨਾਨ ਕੀਤੇ ਹੋਸਣ।

'ਰਾਮਦਾਸ ਸਰੋਵਰਿ ਨਾਤੇ।।
ਸਭਿ ਉਤਰੇ ਪਾਪ ਕਮਾਤੇ।।'

*(ਸੋ: ਮ: ੫, ਪੰਨਾ ੬੨੫)*



Sri Satguru Jagjit Singh Ji eLibrary NamdhariElibrary@gmail.com

ਅਤੇ 'ਉਦਮ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।। '(ਗਉੜੀ ਵਾਰ ੪ ਪੰਨਾ ੩੦੫) ਕੀ ਇਨ੍ਹਾਂ ਮਹਾਂ ਵਾਕਾਂ ਵਿਚ ਤੀਰਥ ਇਸ਼ਨਾਨ ਦਾ ਖੰਡਨ ਹੈ?

ਇਹ ਬੀ ਗਲ ਨਹੀਂ ਕਿ ਹਿੰਦੂ ਤੀਰਥਾਂ ਤੇ ਇਸ਼ਨਾਨ ਕਰਨ ਦੀ ਗੁਰੂ ਸਾਹਿਬਾਂ ਨੇ ਮਨਾਹੀ ਕੀਤੀ ਸੀ, ਕਿਉਂਕਿ ਤੀਸਰੇ ਪਾਤਸ਼ਾਹ ਆਪ ਤੀਰਥਾਂ ਤੇ ਪਧਾਰੇ, ਚੌਥੇ ਪਾਤਸ਼ਾਹ ਤੁਖਾਰੀ ਰਾਗ ਵਿਚ ਸਾਖ ਭਰਦੇ ਹਨ: 'ਪ੍ਰਥਮ ਆਏ ਕੁਲਖੇਤਿ', 'ਦੂਤੀਆ ਜਮੁਨ ਗਏ।' (ਤੁਖਾਰੀ ਮ: ੪, ਪੰਨਾ ੧੧੧੬) 'ਤ੍ਰਿਤੀਆ ਆਏ ਸੁਰਸਰੀ'। ਏਹ ਤੀਰਥ ਇਸ਼ਨਾਨ ਨਿਜ ਕਲਜਾਣ ਲਈ ਨਹੀਂ ਪਰ 'ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।' ਜਿਥੇ ਜਾਕੇ ਤੀਰਥ ਇਸ਼ਨਾਨੀਆਂ ਨੂੰ ਪਖੰਡ ਕਰਮਾਂ ਤੋਂ ਵਰਜ ਕੇ ਨਾਮ ਦੇ ਲੜ ਲਾਇਆ, ਤੇ ਜੇ ਫਿਰ ਇਹ ਆਖੀਏ ਕਿ ਓਥੇ ਜਾਕੇ ਗੁਰੂ ਜੀ ਨੇ ਆਪ ਉਨ੍ਹਾਂ ਤੀਰਥਾਂ ਵਿਚ ਇਸ਼ਨਾਨ ਨਹੀਂ ਸੀ ਕੀਤਾ ਤਾਂ ਖਿਆਲ ਹੈ ਕਿ ਸਾਡੇ ਸ਼ੰਕਾਵਾਦੀ ਵੀਰ ਬੀ ਇਸ ਗਲ ਨੂੰ ਨਹੀਂ ਮੰਨਣਗੇ। ਸਤਿਗੁਰਾਂ ਦੇ ਪਵਿਤ੍ਰ ਚਰਨ ਤੀਰਥਾਂ ਵਿਚ ਪੈਣ ਨਾਲ ਉਨ੍ਹਾਂ ਇਸ਼ਨਾਨੀਆਂ ਦੇ ਕਿਲਵਿਖਾਂ ਦੀ ਮੈਲ ਨਾਲ ਭਰੇ ਜਲ ਨਿਰਮਲ ਤੇ ਪਾਵਨ ਹੋ ਗਏ ਸਨ। ਚੌਥੇ ਪਾਤਸ਼ਾਹ ਹੀ ਮਲਾਰ ਰਾਗ ਵਿਚ ਫੁਰਮਾਉਂਦੇ ਹਨ:-

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ।।
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ।।੧।।
*(ਮਾਝ ਮ: ੪, ਪੰਨਾ ੧੨੬੩)*

ਡਾਕਟਰ ਕਰਤਾਰ ਸਿੰਘ ਜੀ ਬਾੜੀ ਲਿਖਦੇ ਹਨ:-

"ਬਚਿਤ੍ਰ ਨਾਟਕ ਵਿਚ ਕਿਸੇ ਚਤੁਰ ਪਰ ਵਿਦਵਾਨ ਪੰਡਤ ਨੇ, ਗੁਰੂ ਦਸਮ ਪਾਤਸ਼ਾਹ ਜੀ ਦੇ ਨਾਮ ਹੇਠ ਇਹ ਲਿਖ ਮਾਰਿਆ ਹੈ ਕਿ ਉਨ੍ਹਾਂ ਦੇ ਪੂਜ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਪੁਤਰ ਯਾਚਨਾ ਲਈ ਭਾਂਤ ਭਾਂਤ ਤੀਰਥਾਂ ਤੇ ਇਸ਼ਨਾਨ ਤੇ ਪੁੰਨ ਦਾਨ ਕਰਦੇ ਰਹੇ ਅਤੇ ਕਈ ਪ੍ਰਕਾਰ ਦੀ ਜੋਗ ਸਾਧਨਾ ਸਾਧਦੇ ਰਹੇ।"

ਬਚਿਤ੍ਰ ਨਾਟਕ ਦਾ ਪਾਠ ਹੈ:-

ਮੁਰ ਪਿਤ ਪੂਰਬ ਕੀਯਸਿ ਪਯਾਨਾ।।
ਭਾਂਤ ਭਾਂਤ ਕੇ ਤੀਰਥ ਨਾਨਾ।।
ਜਬ ਹੀ ਜਾਤਿ ਤ੍ਰਿਬੇਣੀ ਭਏ।।



Sri Satguru Jagjit Singh Ji eLibrary NamdhariElibrary@gmail.com

ਪੁੰਨ ਦਾਨ ਦਿਨ ਕਰਤ ਬਿਤਏ॥
ਤਹੀਂ ਪ੍ਰਕਾਸ਼ ਹਮਾਰਾ ਭਯੋ॥
ਪਟਨਾ ਸਹਿਰ ਬਿਖੈ ਭਵ ਲਯੋ:।

(ਬਚਿਤ੍ਰ ਨਾਨਕ ਧਿਆਇ ੭–੧)

ਅਤੇ ਇਹ ਬੀ ਫੁਰਮਾਇਆ ਹੈ:–
ਤਾਤ ਮਾਤ ਮੁਰ ਅਲਖ ਅਰਾਧਾ॥
ਬਹੁ ਬਿਧਿ ਜੋਗ ਸਾਧਨਾ ਸਾਧਾ॥੩॥
ਤਿਨ ਜੋ ਕਰੀ ਅਲਖ ਕੀ ਸੇਵਾ॥
ਤਾਂਤੇ ਭਏ ਪ੍ਰਸੰਨ ਗੁਰ ਦੇਵਾ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ॥
ਤਬਹਮ ਜਨਮ ਕਲੂ ਮਹਿ ਲੀਆ॥੪॥

(ਬਚਿਤ੍ਰ ਨਾਟਕ ਧਿਆਇ ੬)

ਜਿਸ ਪਵਿਤ੍ਰ ਕਾਰਜ ਲਈ ਤੀਸਰੇ ਪਾਤਸ਼ਾਹ ਤੀਰਥਾਂ ਤੇ ਰਟਨ ਕਰਨ ਗਏ, ਕੀ ਓਹ ਇੰਦੀਆ ਲੈਕੇ ਨੌਵੇ ਪਾਤਸ਼ਾਹ ਜੀ ਨਹੀਂ ਸੀ ਜਾ ਸਕਦੇ?

ਬਚਿਤ੍ਰ ਨਾਟਕ ਦੀ ਕੋਈ ਤੁਕ ਸਾਨੂੰ ਤਾਂ ਨਹੀਂ ਮਿਲੀ ਜਿਸ ਵਿਚ ਇਹ ਦਸਿਆ ਹੋਵੇ ਕਿ 'ਪੁਤ੍ਰ ਦੀ ਕਾਮਨਾ' ਲੈਕੇ ਸਤਿਗੁਰੂ ਜੀ ਤੀਰਥਾਂ ਤੇ ਗਏ ਤੇ ਪੁੰਨ ਦਾਨ ਬੀ 'ਪੁਤ੍ਰ ਕਾਮਨਾ' ਹਿਤ ਕਰਦੇ ਰਹੇ। ਕੀ ਨਿਰੋਲ ਤੀਰਥਾਂ ਤੇ ਜਾਕੇ ਹੀ ਉਨ੍ਹਾਂ ਨੇ ਪੁੰਨ ਦਾਨ ਕੀਤਾ ਤੇ ਆਪਣੇ ਅਸਥਾਨ ਤੇ ਓਹ ਆਪ ਯਾ ਪਹਿਲੇ ਗੁਰੂ ਸਾਹਿਬ ਪੁੰਨ ਦਾਨ ਫੋਕਟ ਸਮਝਕੇ ਨਹੀਂ ਸੀ ਕੀਤਾ ਕਰਦੇ? ਇਹ ਅਨਹੋਣੀ ਗਲ ਹੈ। ਇਹ ਕਹਿਣਾ ਗ਼ਲਤ ਹੈ ਕਿ ਨੌਵੇਂ ਪਾਤਸ਼ਾਹ ਜੀ ਨੇ ਕੇਵਲ ਤੀਰਥਾਂ ਤੇ ਹੀ ਜਾਕੇ ਪੁੰਨ ਦਾਨ ਕੀਤੇ ਤੇ ਵੈਸੇ ਨਹੀਂ ਸੀ ਕੀਤਾ ਕਰਦੇ। ਸਾਰੇ ਗੁਰੂ ਸਾਹਿਬਾਂ ਦੇ ਦਰ ਤੇ ਦਾਨ ਪੁੰਨ ਦਾ ਸਦਾ ਪ੍ਰਵਾਹ ਚਲਦਾ ਹੀ ਰਹਿੰਦਾ ਸੀ। ਗੁਰੂ ਦਰ ਸਖੀ ਦਰ ਸੀ ਤੇ ਹਰ ਕੋਈ ਓਥੋਂ ਹਰ ਵੇਲੇ ਝੋਲੀਆਂ ਭਰਕੇ ਲਿਜਾਂਦਾ ਸੀ, ਕਿਸੇ ਲੋੜਵੰਦ ਦੀ ਲੋੜ ਖਾਲੀ ਨਹੀਂ ਸੀ ਰਹਿੰਦੀ। ਇਨ੍ਹਾਂ ਤੁਕਾਂ ਵਿਚ ਸਾਧਾਰਣ ਵਰਣਨ ਹੈ ਕਿ ਜਦ ਤ੍ਰਿਬੇਣੀ ਗਏ ਤੇ ਓਥੇ ਜਿੰਨੇ ਦਿਨ ਵਿਰਾਜੇ ਪੁੰਨ ਦਾਨ ਕਰਦਿਆਂ ਸੁਖਾਂ ਨਾਲ ਬਿਤਾਏ ਓਥੇ ਸਾਡਾ ਪ੍ਰਕਾਸ਼ ਹੋਇਆ ਤੇ ਫਿਰ ਅਗੇ ਟੁਰ ਪਏ ਅਤੇ ਪਟਨੇ ਸਾਹਿਬ ਪਹੁੰਚੇ ਤਾਂ ਓਥੇ ਸਾਡਾ ਅਵਤਾਰ ਹੋਇਆ।

ਹਾਂ, ਡਾਕਟਰ ਜੀ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਜੀ, 'ਕਈ ਪ੍ਰਕਾਰ ਦੇ ਜੋਗ ਸਾਧਨਾ ਸਾਧਦੇ ਰਹੇ'। ਬਚਿਤ੍ਰ ਨਾਟਕ ਦਾ ਵਾਕ ਹੈ:–



Sri Satguru Jagjit Singh Ji eLibrary NamdhariElibrary@gmail.com

'ਤਾਤ ਮਾਤ ਮੁਰ ਅਲਖ ਅਰਾਧਾ।।
ਬਹੁ ਬਿਧਿ ਜੋਗ ਸਾਧਨਾ ਸਾਧਾ।।'

ਇਹ ਹਠ ਯੋਗ ਦੀਆਂ ਸਾਧਨਾਂ ਦੇ ਸਾਧਣ ਦਾ ਜ਼ਿਕਰ ਨਹੀਂ; ਪਰ ਅਲਖ ਆਰਾਧਨ ਦਾ ਜੋਗ ਹੈ, ਸਿਮਰਨ ਲਿਵਲੀਨਤਾ, ਨਿਰੰਕਾਰ ਉਪਾਸ਼ਨਾ ਦਾ ਜੋਗ ਹੈ। ਜੋਗ ਦਾ ਅਰਥ ਹੈ ਜੁੜਨਾ, ਭਾਵ ਹੈ ਕਿ ਮੇਰੇ ਮਾਤਾ ਪਿਤਾ ਨਿਰੰਕਾਰ ਦੀ ਆਰਾਧਨਾ ਵਿਚ ਕਈ ਤਰ੍ਹਾਂ ਨਾਲ ਜੁੜੇ ਰਹਿੰਦੇ ਰਹੇ। ਓਹ ਫੋਕਟ ਹਠ ਜੋਗ ਦੀਆਂ ਸਾਧਨਾਂ ਨਹੀਂ ਕਰਦੇ ਰਹੇ। ਸਾਡੇ ਵਿਦਵਾਨ ਵੀਰ 'ਅਲਖ ਆਰਾਧਾ' ਦੇ ਪਦ ਨੂੰ ਭੁਲ ਜਾਂਦੇ ਹਨ। ਹਠ ਯੋਗੀ ਅਲਖ ਦੀ ਆਰਾਧਨਾ ਨਹੀਂ ਕੀਤਾ ਕਰਦੇ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ:–

ਰਾਜ ਲੀਲਾ ਤੇਰੇ ਨਾਮ ਬਨਾਈ।।
ਜੋਗੁ ਬਨਿਆ ਤੇਰਾ ਕੀਰਤਨੁ ਗਾਈ।।
*(ਆਸਾ ਮ: ੫–੫੭ ਪੰਨਾ ੩੮੫)*

ਇਹ ਜੋਗ ਹੈ ਪ੍ਰੇਮਾ ਭਗਤੀ ਦਾ ਜੋਗ, ਨਾਮ ਸਿਮਰਨ, ਹਰੀ ਕੀਰਤਨ ਦਾ ਜੋਗ ਜੋ ਨੌਵੇਂ ਪਾਤਸ਼ਾਹ ਤੇ ਮਾਤਾ ਗੁਜਰੀ ਜੀ ਨੇ ਕੀਤਾ।

ਹਾ, ਹਠ ਯੋਗ ਯਾ ਕਸ਼ਟ ਯੋਗ ਦੇ ਸਾਧਨ ਨਹੀਂ ਪਰ ਭਗਤਿ ਯੋਗ ਦੇ ਸਾਧਨ ਗੁਰੂ ਜੀ ਦੇ ਮਾਤਾ ਪਿਤਾ ਜੀ ਨੇ ਕੀਤੇ। ਹਠ ਯੋਗ ਤੇ ਭਗਤਿ ਯੋਗ ਦੇ ਲਛਣ ਤੇ ਇਨ੍ਹਾਂ ਦੇ ਫਰਕ ਜੇ ਕਿਸੇ ਮੁਤਾਲਿਆ ਕਰਨੇ ਹੋਣ ਤਾਂ ਪੜ੍ਹੋ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੪੮, (ਜਿਲਦ ਤੀਜੀ ਪੰਨਾ ੫੨੯ ਤੋਂ ੫੩੬) ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਰਾਜੇ ਸ਼ਿਵਨਾਭ ਨੂੰ ਦੋਹਾਂ ਯੋਗਾਂ ਦੇ ਲੱਛਣ ਸਮਝਾਕੇ ਭਗਤੀ ਯੋਗ ਦੇ ਰਾਹੇ ਟੋਰਦੇ ਹਨ।

ਸਾਡੇ ਸ਼ੰਕਾਵਾਦੀ ਵੀਰਾਂ ਨੇ ਜੋ ਦਸਮ ਗ੍ਰੰਥ ਦੀ ਬਾਣੀ ਨੂੰ ਇਕ ਸਿਰੇ ਤੋਂ ਖੰਡਨ ਕਰਨ ਦਾ ਰਾਹ ਫੜਿਆ ਹੈ, ਇਹ ਚੰਗਾ ਨਹੀਂ, ਇਹ ਗੁਰੂ ਮਹਾਰਾਜ ਦੇ ਚਰਨਾਂ ਤੋਂ ਸਾਨੂੰ ਦੂਰ ਲਿਜਾਣ ਵਾਲਾ ਮਾਰਗ ਹੈ। ਜਗਤ ਪ੍ਰਸਿਧ ਦਾਨੇ ਤੇ ਈਰਾਨ ਦੇ ਮਹਾਂ ਕਵੀ ਸ਼ੇਖ ਸਾਅਦੀ ਨੇ ਕਿਹਾ ਹੈ:–

'ਤਰਸਮ ਨ ਰਸੀ ਬ–ਕਾਅਬਾ ਐ ਇਅਰਾਬੀ! ਕਿਈਂ ਰਾਹ ਕਿ ਤੂ ਮੇ ਰਵੀ ਬ–ਤੁਰਕਿਸਤਾਨ ਅਸਤ।' ਹੇ ਮੱਕੇ ਦੇ ਯਾਤ੍ਰੀ ਅਰਬੀ ਵੀਰਾ! ਮੈਨੂੰ ਡਰ ਹੈ ਕਿ ਤੂੰ ਮੱਕੇ ਨਹੀਂ ਪਹੁੰਚ ਸਕੇਂਗਾ, ਕਿਉਂਕਿ ਜਿਸ ਰਾਹੇ ਤੂੰ ਤੁਰ ਰਿਹਾ ਹੈਂ ਉਹ ਤੁਰਕਿਸਤਾਨ ਦਾ ਰਸਤਾ ਹੈ, (ਮੱਕੇ ਦਾ ਨਹੀਂ)। ਸ਼ੇਖ ਸਾਅਦੀ ਦੀ ਇਸ ਖ਼ਤਰੇ ਦੀ ਘੰਟੀ ਤੋਂ ਸਾਡੇ ਵੀਰਾਂ ਨੂੰ ਸੁਚੇਤ ਹੋ ਕੇ ਸੰਭਲ ਜਾਣਾ ਚਾਹੀਦਾ ਹੈ, ਕਿਉਂਕਿ ਇਹ ਰਸਤਾ ਜੋ ਉਨ੍ਹਾਂ ਨੇ ਫੜਿਆ ਹੈ ਦਸਮ ਗ੍ਰੰਥ ਦੀ ਬਾਣੀ



Sri Satguru Jagjit Singh Ji eLibrary NamdhariElibrary@gmail.com

ਦੀ ਵਾਢ ਦਾ, ਇਹ ਸਿਖ ਜਨਤਾ ਵਿਚ ਅਸ਼ਰਧਾ ਤੇ ਬੇਸਿਦਕੀ ਫੈਲਾ ਕੇ ਗੁਰੂ ਚਰਨਾਂ ਦੀ ਸ਼ਰਨ ਰੂਪੀ ਮੱਕੇ ਤੇ ਪੁਚਾਉਣ ਵਾਲਾ ਨਹੀਂ ਪਰ ਦੂਰ, ਬਹੁਤ ਦੂਰ, ਲਿਜਾ ਕੇ ਵਿਛੋੜਨ ਵਾਲਾ ਤੇ ਬੇਸਿਦਕੀ ਦੇ ਟੋਏ ਵਿਚ ਡੇਗਣ ਵਾਲਾ ਹੈ।

ਮਿਤੀ ੨੦-੧-੧੯੭੭ ਦੇ ਖਾਲਸਾ ਸਮਾਚਾਰ ਵਿਚ ਫਰੀਦਾਬਾਦ ਦੀ ਇਕ ਵਿਦਵਾਨ ਬੀਬੀ, ਜੋ ਓਥੇ ਦੇ ਕਿਸੇ ਸਤਿਸੰਗ ਮੰਡਲ ਦੀ ਰੁਕਨ ਹੈ, ਦੀ ਚਿਠੀ ਛਪੀ ਹੈ, ਜਿਸ ਵਿਚ ਉਸ ਨੇ ਲਿਖਿਆ ਹੈ ਕਿ ਦਿਲੀ ਦੇ ਕਿਸੇ ਮਿਸ਼ਨਰੀ ਕਾਲਜ ਦੇ ਟਰੇਨੀ ਪਿਛਲੇ ਦਸਮ ਪਾਤਸ਼ਾਹ ਜੀ ਦੇ ਅਵਤਾਰ ਪੁਰਬ ਤੇ ਫਰੀਦਾਬਾਦ ਪਹੁੰਚੇ ਸਨ, ਗੁਰਪੁਰਬ ਵਾਲੇ ਦਿਨ ਰਾਤ ਦੇ ਦੀਵਾਨ ਵਿਚ ਉਨ੍ਹਾਂ ਨੂੰ ਕਿਹਾ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਪਰ ਵਖਜਾਨ ਦਿਓ ਤਾਂ ਉਨ੍ਹਾਂ ਨੇ ਬਜਾਏ ਗੁਰੂ ਸਾਹਿਬ ਦਾ ਜੀਵਨ ਦਰਸਾਉਣ ਤੇ ਦਸਮੇਸ਼ ਸਿਫਤ ਸਲਾਹ ਸੁਨਾਉਣ ਦੇ ਬਚਿਤ੍ਰ ਨਾਟਕ ਦੇ ਖੰਡਨ ਵਿਚ ਇਕ ਘੰਟਾ ਜ਼ਾਇਆ ਕਰ ਦਿਤਾ, ਜਿਸ ਨਾਲ ਸੰਗਤਾਂ ਨੂੰ ਸ਼ੰਕਿਆਂ ਵਿਚ ਪਾ ਕੇ ਉਨ੍ਹਾਂ ਦੇ ਦਿਲ ਦੁਖੀ ਕੀਤੇ। 'ਗਰ ਹਮੀ ਮਕਤਬੋ ਹਮੀ ਮੁੱਲਾਂ, ਕਾਰੇ ਤਿਫਲਾਂ ਤਮਾਮ ਖ਼ਾਹਦ ਸ਼ੁਦ।' ਜੇ ਸਾਡੇ ਮਿਸ਼ਨਰੀ ਕਾਲਜਾਂ ਦਾ ਇਹ ਹਾਲ ਹੈ ਤੇ ਓਥੇ ਪੜ੍ਹਾਉਣ ਵਾਲੇ ਉਸਤਾਦ ਬੀ ਸਾਡੇ ਸ਼ੰਕਾਵਾਦੀ ਵੀਰਾਂ ਜੇਹੇ ਹਨ ਤਾਂ ਪੜ੍ਹਾਕੂਆਂ ਦਾ ਤਾਂ ਫਿਰ ਝੁੱਗਾ ਹੀ ਚੌੜ ਸਮਝੋ। ਸਾਡੇ ਐਸੇ ਵਿਦਜਕ ਆਸ਼੍ਰਮਾਂ ਦੇ ਮੁਖੀ ਪ੍ਰਬੰਧਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੋ ਇਨ੍ਹਾਂ ਤੋਂ ਮਿਸ਼ਨਰੀ ਤਿਆਰ ਹੋ ਰਹੇ ਹਨ ਓਹ ਕੋਈ ਪੰਥ ਦੀ ਸੇਵਾ ਕਰਨ ਵਾਲੇ ਤੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਵਾਲੇ ਪ੍ਰਚਾਰਕ ਤਿਆਰ ਹੋ ਰਹੇ ਹਨ ਯਾ ਸਿਖੀ ਸਿਦਕ, ਗੁਰੂ ਚਰਨਾਂ ਦੀ ਪ੍ਰੀਤਿ ਦੀਆਂ ਰੇਸ਼ਮੀ ਤਾਰਾਂ ਨੂੰ ਕੱਟਣ ਵਾਲੀਆਂ ਛੁਰੀਆਂ ਕੈਂਚੀਆਂ ਤਿਆਰ ਹੋ ਰਹੀਆਂ ਹਨ।

ਵਾਹਿਗੁਰੂ ਮਿਹਰ ਕਰੇ, ਕਲਗੀਧਰ ਪਾਤਸ਼ਾਹ ਆਪਣੇ ਪੰਥ ਦੀ ਆਪ ਰਖਜਾ ਕਰੇ ਤੇ ਪੰਥ ਵਿਚ ਆਪਣੇ ਪਾਵਨ ਚਰਨਾਂ ਨਾਲ ਪਿਆਰ ਸਿਦਕ ਪ੍ਰਦਾਨ ਕਰੇ।



Sri Satguru Jagjit Singh Ji eLibrary NamdhariElibrary@gmail.com

# ੮. ਦਸਮ ਗ੍ਰੰਥ ਨਿਰਣੈ ਦੀ ਅਸਲੀਅਤ

(ਲਿਖਤ– ਸ. ਮਨਜੀਤ ਸਿੰਘ ਸੰਪਾਦਕ ਖਾਲਸਾ ਸਮਾਚਾਰ, ਅੰਮ੍ਰਿਤਸਰ)

"ਨਿਤ ਨਵੇਂ ਸੂਰਜ ਕੋਈ ਨਾ ਕੋਈ ਵੀਰ ਮੈਨੂੰ ਜ਼ਰੂਰ ਕੋਸਦਾ ਹੈ।" (ਸ. ਮਾਨ ਸਿੰਘ 'ਮਾਨ ਸਰੋਵਰ' ਦਿੱਲੀ।

ਸਿਖ ਜਗਤ ਵਿਚ 'ਦਸਮ ਗ੍ਰੰਥ ਨਿਰਣੈ' ਨਾਮ ਦੀ ਪੁਸਤਕ ਦੀ ਚਰਚਾ ਜਿਥੇ ਵਧਦੀ ਜਾ ਰਹੀ ਹੈ ਉਥੇ ਸਿਖ ਸੰਗਤਾਂ ਵਿਚ ਇਸ ਪੁਸਤਕ ਦੇ ਲੇਖਕ ਵਿਰੁਧ ਰੋਸ ਦੀ ਲਹਿਰ ਭੀ। ਇਸ ਦਾ ਵਡਾ ਕਾਰਨ ਇਹ ਹੈ ਕਿ ਇਸ ਪੁਸਤਕ ਦੇ ਲੇਖਕ ਨੇ ਦਸਮ ਗ੍ਰੰਥ ਵਿਚਲੀਆਂ ਬਹੁਤ ਸਾਰੀਆਂ ਬਾਣੀਆਂ, ਜਿਸ ਵਿਚ ਅਰਦਾਸ ਦੀ ਪਹਿਲੀ ਪਉੜੀ 'ਪ੍ਰਿਥਮ ਭਗੌਤੀ ਸਿਮਰ ਕੇ' ਤੋਂ ਲੈ ਕੇ ਰਹਿਰਾਸ ਸਾਹਿਬ ਦੀ ਚੋਪਈ 'ਹਮਰੀ ਕਰੋ ਹਾਥ ਦੈ ਰਛਾ' ਜਿਸ ਦਾ ਅਸੀਂ ਨਿਤ ਸੰਧਿਆ ਵੇਲੇ ਪਾਠ ਕਰਦੇ ਹਾਂ ਤੇ ਵਾਹਿਗੁਰੂ ਦੀ ਯਾਦ ਵਿਚ ਜੁੜਦੇ ਹਾਂ, ਸਭ ਨੂੰ ਦਸਮ ਗੁਰੂ ਕ੍ਰਿਤ ਨਾ ਮੰਨ ਕੇ ਇਸ ਬਾਣੀ ਦੇ ਪਾਠ ਤੋਂ ਸਿਖਾਂ ਨੂੰ ਵਿਵਰਜਤ ਕਰਨ ਲਈ ਲਿਖਿਆ ਹੈ। ਲੇਖਕ ਨੇ ਇਹ ਭੀ ਕਿਹਾ ਹੈ ਕਿ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵਾਲਾ ਸ਼ਬਦ ਤੇ 'ਦੇਹ ਸ਼ਿਵਾ ਬਰ ਮੋਹਿ ਇਹੈ' ਦੀ ਸ਼ਕਤੀ–ਭਰਪੂਰ ਬਾਣੀ ਭੀ ਗੁਰੂ ਕ੍ਰਿਤ ਨਹੀਂ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਚਾਰੇ ਪਾਸੇ ਤੋਂ ਇਸ ਪੁਸਤਕ ਦੀ ਹਮਾਇਤ ਤੇ ਪ੍ਰਸ਼ੰਸ਼ਾ ਕਰਨ ਵਾਲੇ ਵੀਰ ਭੀ ਹੁਣ ਇਹ ਸਮਝਣ ਲਗ ਪਏ ਹਨ ਕਿ ਗਿਆਨੀ ਭਾਗ ਸਿੰਘ ਨੇ ਦਸਮ ਗ੍ਰੰਥ ਵਿਚਲੀਆਂ ਬਾਣੀਆਂ ਨੂੰ ਗੁਰੂ ਕ੍ਰਿਤ ਨਾ ਮੰਨ ਕੇ ਤੇ ਇਨ੍ਹਾਂ ਤੇ ਪਾਠ ਤੋਂ ਸੰਗਤਾਂ ਨੂੰ ਵਰਜਣ ਹਿਤ ਲਿਖ ਕੇ ਭਾਰੀ ਗ਼ਲਤੀ ਕੀਤੀ ਹੈ। ਜਦ ਲੇਖਕ ਨੇ ਸਦੀਆਂ ਤੋਂ ਚਲੀ ਆ ਰਹੀ ਅਰਦਾਸ ਦਾ ਖੰਡਨ ਕਰ ਦਿਤਾ ਤਾਂ ਸਿਖਾਂ ਦੀ ਇਸ਼ਟ ਭਾਵਨਾ ਨੂੰ ਠੇਸ ਲਗਣੀ ਸੁਭਾਵਕ ਸੀ। ਖੈਰ ਹੁਣ ਮਾਨਸਰੋਵਰ ਵੀਕਲੀ ਵਿਚ ਸਾਡੇ ਸਮਕਾਲੀ ਵੀਰ ਸ: ਮਾਨ ਸਿੰਘ ਜੀ ਨੇ ਆਪਣੀ ਗ਼ਲਤੀ ਦਾ ਇਕਬਾਲ ਕਰ ਲਿਆ ਹੈ। ਉਹਨਾਂ ਨੇ ਲਿਖਿਆ ਹੈ ਕਿ ਉਨ੍ਹਾਂ ਦੀ (ਭਾਵ ਗਿਆਨੀ ਭਾਗ ਸਿੰਘ ਦੀ) ਪੁਸਤਕ ਵਿਚ ਛਪੇ ਮੇਰੇ ਕੁਝ ਅੱਖਰ ਮੈਨੂੰ ਕਾਫੀ ਸਜਣਾਂ ਮਿਤ੍ਰਾਂ ਦੀਆਂ ਅੱਖਾਂ ਵਿਚ ਮੁਜਰਮ ਬਣਾ ਗਏ ਹਨ। ਨਿਤ ਨਵੇਂ ਸੂਰਜ ਕੋਈ ਨਾ ਕੋਈ ਵੀਰ ਮੈਨੂੰ ਜ਼ਰੂਰ ਕੋਸਦਾ ਹੈ।' ਉਹਨਾਂ ਨੇ ਇਹ ਸਾਫ਼ ਲਿਖਿਆ ਹੈ ਕਿ ਉਹ ਇਸ ਕਿਤਾਬ ਨਾਲ ਸੌ ਫ਼ੀ ਸਦੀ ਸਹਿਮਤ ਨਹੀਂ ਤੇ ਪੁਸਤਕ ਦੇ ਲੇਖਕ ਨੂੰ ਭੀ ਬੇਨਤੀ ਕੀਤੀ ਹੈ ਕਿ ਉਹ ਆਪਣੀਆਂ ਭੁੱਲਾਂ ਵਲ ਧਿਆਨ ਦੇਣ ਤੇ ਇਹ ਸਵੀਕਾਰ ਕਰਨ ਕਿ



Sri Satguru Jagjit Singh Ji eLibrary NamdhariElibrary@gmail.com

'ਅਰਦਾਸ' ਤੇ ਮਿਤ੍ਰ ਪਿਆਰੇ ਨੂੰ ਵਾਲਾ ਸ਼ਬਦ ਦਸਮ ਪਾਤਸ਼ਾਹ ਦੀ ਕ੍ਰਿਤ ਹੈ। ਇਹ ਭੀ ਸਪਸ਼ਟ ਹੈ ਕਿ ਸ: ਮਾਨ ਸਿੰਘ ਜੀ ਨੇ ਪੂਰੀ ਤਰ੍ਹਾਂ ਆਪਣੀ ਰਾਇ ਨਹੀਂ ਬਦਲੀ, ਜਾਂ ਇੰਜ ਕਹਿ ਲਵੋ ਕਿ ਆਪਣੇ ਮਨ ਦੀ ਗਲ ਨੂੰ ਸਾਫ਼ ਸ਼ਬਦਾਂ ਵਿਚ ਪ੍ਰਗਟ ਨਹੀਂ ਕੀਤਾ। ਉਹਨਾਂ ਨੇ ਸਿਰਫ ਦੋ ਬਾਣੀਆਂ ਨੂੰ ਹੀ ਗੁਰੂ ਕ੍ਰਿਤ ਸਵੀਕਾਰ ਕੀਤਾ ਹੈ। ਇਸ ਤੋਂ ਇਲਾਵਾ 'ਦਸਮ ਗ੍ਰੰਥ ਨਿਰਣੈ' ਦੇ ਆਰੰਭ ਵਿਚ ਉਹਨਾਂ ਦੇ ਇਹ ਸ਼ਬਦ ਕਿ 'ਹੇਮ ਕੁੰਟ ਜੈਸੇ ਬੇਲੋੜੇ ਤੀਰਥਾਂ ਦੀ ਸਿਖ ਸਮਾਜ ਵਿਚ ਕੋਈ ਥਾਂ ਨਹੀਂ ਰਹੇਗੀ'। ਬਹੁਤ ਇਤਰਾਜ਼ ਯੋਗ ਹਨ। ਪਰ ਅਫਸੋਸ ਇਸ ਗਲ ਦਾ ਭੀ ਹੈ ਕਿ ਆਪਣੇ ਸਪਸ਼ਟੀਕਰਨ ਵਿਚ ਗਿਆਨੀ ਭਾਗ ਸਿੰਘ ਜੀ ਨੇ ਅਜੇ ਵੀ ਇਹ ਕਿਹਾ ਹੈ ਕਿ 'ਲਕੀਰ ਦੇ ਫਕੀਰ ਕੁਝ ਸਜਣਾਂ ਨੇ ਉਸ ਨੂੰ (ਭਾਵ ਦਸਮ ਗ੍ਰੰਥ ਨਿਰਣੈ ਨੂੰ) ਥੋੜਾ ਬਹੁਤ ਪੜ੍ਹ ਕੇ ਤੇ ਬਹੁਤਿਆਂ ਨੇ ਬਗੈਰ ਪੜ੍ਹਿਆਂ ਹੀ ਇਸ ਦੀ ਬੇਦਲੀਲ ਵਿਰੋਧਤਾ ਕਰਨੀ ਸ਼ੁਰੂ ਕਰ ਦਿਤੀ ਹੈ।' ਇਸ ਤੋਂ ਇਹ ਪਤਾ ਲਗਦਾ ਹੈ ਕਿ ਗਿਆਨੀ ਜੀ ਅਜੇ ਭੀ ਆਪਣੀ ਬੌਧਿਕ ਵਿਆਖਿਆ ਤੇ ਦ੍ਰਿੜ ਹਨ ਭਾਵੇਂ ਉਹਨਾਂ ਦੇ ਹਮਾਇਤੀ ਆਪਣੀ ਭੁੱਲ ਨੂੰ ਸਵੀਕਾਰ ਕਰ ਰਹੇ ਹਨ। ਖਾਲਸਾ ਸਮਾਚਾਰ ਵਿਚ ਇਸ ਪੁਸਤਕ ਦੇ ਕੁਝ ਅਹਿਮ ਨੁਕਤਿਆਂ ਨੂੰ ਬਾ-ਦਲੀਲ ਖੰਡਨ ਕਰਨ ਵਾਲੇ ਲੇਖ ਛਪ ਚੁਕੇ ਹਨ ਤੇ ਛਪ ਰਹੇ ਹਨ।

ਸਾਨੂੰ ਹੁਣ ਇਹ ਸੰਤੋਸ਼ ਹੈ ਕਿ ਖਾਲਸਾ ਸਮਾਚਾਰ ਦੀ ਆਵਾਜ਼ ਦਾ ਕੁਝ ਅਸਰ ਜ਼ਰੂਰ ਹੋਇਆ ਹੈ ਤੇ ਦੂਸਰੇ ਸਪਤਾਹਕ ਪੱਤਰਾਂ ਵਿਚ ਭੀ 'ਦਸਮ ਗ੍ਰੰਥ ਨਿਰਣੈ' ਦਾ ਖੰਡਨ ਹੋਣ ਲਗ ਪਿਆ ਹੈ।

ਚੰਗਾ ਹੁੰਦਾ ਕਿ ਗਿਆਨੀ ਭਾਗ ਸਿੰਘ ਜੀ ਨੇ, ਜਿੰਨਾ ਸਮਾ ਇਸ ਢਾਊ ਰਚਨਾ ਤੇ ਲਾਇਆ ਹੈ ਕਿਸੇ ਹੋਰ ਉਸਾਰੂ ਰਚਨਾ ਤੇ ਖਰਚ ਕਰਦੇ ਜਿਸ ਨਾਲ ਪੰਥ ਵਿਚ ਸਿਖੀ ਸਿਦਕ ਦਾ ਵਾਧਾ, ਬਾਣੀ ਦਾ ਨਾਮ ਪਿਆਰ ਗੁਰੂ ਚਰਨਾਂ ਨਾਲ ਪਾਠਕ ਦੀ ਪ੍ਰੀਤੀ ਵਧਦੀ। ਸ਼ੋਕ ਹੈ ਕਿ ਉਨ੍ਹਾਂ ਦੇ ਵਿਦਵਾਨ ਸਾਥੀਆਂ ਸਲਾਹਕਾਰਾਂ ਨੇ ਵੀ ਇਹ ਉਨ੍ਹਾਂ ਨੂੰ ਸਲਾਹ ਨਹੀਂ ਦਿਤੀ ਕਿ ਇਸ ਪਾਸੇ ਕਲਮ ਨੂੰ ਜੁੰਬਸ਼ ਨਾ ਦਿਓ। ਇਹ ਕਲਗੀਧਰ ਪਾਤਸ਼ਾਹ ਦੀ ਬਾਣੀ ਤੋਂ ਸਿਖ ਸਾਧਾਰਣ ਦਾ ਸਿਦਕ ਤੇ ਸ਼ਰਧਾ ਭਾਵਨਾ, ਤੇ ਪ੍ਰੇਮ ਸਤਿਕਾਰ ਤੋੜਨ ਵਾਲਾ ਕਾਰਜ ਹੈ। ਅਸੀਂ ਪੰਥਕ ਜਥੇਬੰਦੀਆਂ ਨੂੰ ਪ੍ਰੇਰਨਾ ਕਰਾਂਗੇ ਕਿ ਉਹ ਗਿਆਨੀ ਭਾਗ ਸਿੰਘ ਜੀ ਦੀ ਇਸ ਰਚਨਾ 'ਦਸਮ ਗ੍ਰੰਥ ਨਿਰਣੈ' ਨੂੰ ਕੋਈ ਅਹਿਮੀਅਤ ਨਾ ਦੇਣ ਤੇ ਜਿੱਥੋਂ ਤਕ ਹੋ ਸਕੇ ਇਸ ਹਾਨੀ ਕਾਰਕ ਪੁਸਤਕ ਦਾ ਪਰਿਤਯਾਗ ਕਰਨ।



Sri Satguru Jagjit Singh Ji eLibrary NamdhariElibrary@gmail.com

# ਪ੍ਰਸ਼ੰਸਾ

## ਦਸਮ ਗ੍ਰੰਥ ਨਿਰਣੈ ਦਰਪਣ

(ਸ: ਮਿਹਰ ਸਿੰਘ ਜੀ ਰਵੇਲ ਐਡੀਟਰ ਖਾਲਸਾ ਐਡਵੋਕੇਟ *(ਰਿਟਾ:)*)

ਗਿਆਨੀ ਭਾਗ ਸਿੰਘ ਜੀ ਨੇ 'ਦਸਮ ਗਰੰਥ ਨਿਰਨੈਂ' ਪੁਸਤਕ ਲਿਖਕੇ ਇਕ ਐਸੀ ਬੇਲੋੜੀ; ਨਿਰਾਰਥਕ; ਹਾਨੀਕਾਰਕ ਅਤੇ ਪੰਥ ਵਿਚ ਸ੍ਰੀ ਦਸਮੇਸ਼ ਜੀ ਦੇ ਹਜ਼ੂਰੀ ਸਿੰਘਾਂ ਦੇ ਸਮੇਂ ਤੋਂ ਪਰਵਾਣੀ ਹੋਈ ਹਕੀਕਤ ਦੇ ਵਿਰੁਧ ਚਰਚਾ ਛੇੜੀ ਹੈ ਜੋ ਸਿਖਾਂ ਦੇ ਇਸ਼ਟ ਅਕੀਦੇ ਨੂੰ ਸਖਤ ਠੇਸ ਲਗਾਉਣ ਵਾਲੀ ਹੈ। ਗਿਆਨੀ ਮਹਾਂ ਸਿੰਘ ਜੀ ਨੇ ਇਸ ਸ਼ੰਕਾਵਾਦੀ ਪੁਸਤਕ ਰਾਹੀਂ ਪੈਦਾ ਹੋਣ ਵਾਲੇ ਭੁਲੇਖਿਆਂ ਦਾ ਛੇ ਸਤ ਲੇਖਾਂ ਰਾਹੀਂ ਐਸਾ ਉਚਿਤ ਢੁੱਕਵਾਂ ਤੇ ਯੁਕਤੀ ਪੂਰਬਕ ਉਤਰ ਦਿਤਾ ਹੈ ਜੋ ਪਾਠਕਾਂ ਦੀ ਸ਼ਰਧਾ ਨੂੰ ਪੱਕਾ ਰਖਣ ਦੇ ਐਨ ਸਮਰਥ ਹੈ। ਇਹਨਾਂ ਲੇਖਾਂ ਵਿਚ ਦਿਤੇ ਹਵਾਲਿਆਂ ਦਲੀਲਾਂ ਪ੍ਰਮਾਣਾਂ ਸਬੂਤਾਂ ਅਤੇ ਇਤਿਹਾਸਕ ਤੱਥਾਂ ਨੇ ਗਿਆਨੀ ਭਾਗ ਸਿੰਘ ਜੀ ਵਲੋਂ ਉਠਾਏ ਗਏ ਸ਼ੰਕਿਆਂ ਦਿਆਂ ਹਾਮੀਆਂ ਨੂੰ ਵੀ ਨਿਰਉੱਤਰ ਕਰ ਦਿੱਤਾ ਹੈ।

ਖਾਲਸਾ ਸਮਾਚਾਰ ਨੇ ਇਹ ਲੇਖ ਲੜੀ ਛਾਪ ਕੇ ਸ੍ਰੀ ਦਸਮ ਗਰੰਥ ਦੀ ਪਰੰਪਰਾ ਤੋਂ ਪਰਵਾਣੀ ਹੋਈ ਅਖੰਡਤਾ ਨੂੰ ਅਟੱਲ ਰਖਣ ਲਈ ਆਪਣੀ ਰਵਾਇਤ ਮੁਤਾਬਕ ਇਕ ਅਹਿਮ ਫਰਜ਼ ਅਦਾ ਕੀਤਾ ਹੈ। ਇਨ੍ਹਾਂ ਲੇਖਾਂ ਦੇ ਪੜ੍ਹਨ ਤੋਂ ਪ੍ਰਗਟ ਹੁੰਦਾ ਹੈ ਕਿ ਗਿਆਨੀ ਜੀ ਨੇ ਇਹ ਲੇਖ ਲੜੀ ਲਿਖਣ ਵਿਚ ਕਾਫੀ ਖੋਜ ਖੇਚਲ ਅਤੇ ਮਿਹਨਤ ਕੀਤੀ ਹੈ। ਆਸ ਹੈ ਕਿ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ, ਇਸ ਲੇਖ ਲੜੀ ਨੂੰ ਪੁਸਤਕ ਦੀ ਸ਼ਕਲ ਵਿਚ ਛਪਵਾ ਕੇ ਪਰਕਾਸ਼ਤ ਕਰਨ ਦੀ ਸੇਵਾ ਕਰੇਗਾ ਤਾਂ ਕਿ ਇਸ ਤੋਂ ਵਧ ਤੋਂ ਵਧ ਪਾਠਕ ਵਰਤਮਾਨ ਅਤੇ ਭਵਿੱਖ ਵਿਚ ਭੀ ਲਾਭ ਉਠਾ ਸਕਣ।

Sri Satguru Jagjit Singh Ji eLibrary NamdhariElibrary@gmail.com